

**ਸੰਸਥਾਪਕ :**
ਸੱਚਖੰਡ ਵਾਸੀ ਸੰਤ ਬਾਬਾ ਸੁੱਚਾ ਸਿੰਘ ਜੀ
ਬਾਨੀ ਜਵੱਦੀ ਟਕਸਾਲ

**ਮੁੱਖ ਸਰਪ੍ਰਸਤ :**
ਸੰਤ ਗਿਆਨੀ ਅਮੀਰ ਸਿੰਘ ਜੀ
ਮੁਖੀ, ਜਵੱਦੀ ਟਕਸਾਲ

**ਪ੍ਰਬੰਧਕੀ ਸੰਪਾਦਕ :**
ਭਾਈ ਸੋਹਨ ਸਿੰਘ

**ਸੰਪਾਦਕ :**
ਪਰਮਜੀਤ ਸਿੰਘ ਪੰਮੀ

**ਆਨਰੇਰੀ ਸੰਪਾਦਕ :**
ਭਾਈ ਸੁਖਵੰਤ ਸਿੰਘ

**ਸਾਲਾਨਾ ਚੰਦਾ :** 250/- ਵਿਦੇਸ਼
45$/35 ਪੌਂਡ

ਪ੍ਰਤੀ ਕਾਪੀ : 20/-

## ਤਤਕਰਾ

1. **ਸੰਪਾਦਕੀ** 2
ਪਰਮਜੀਤ ਸਿੰਘ ਪੰਮੀ

2. **ਕਥਾ ਬਾਰਹਮਾਹ - ਕੱਤਕ ਮਹੀਨਾ** 4
ਸੰਤ ਗਿਆਨੀ ਅਮੀਰ ਸਿੰਘ ਜੀ

3. **ਸਿੱਖ ਸ਼ਖ਼ਸੀਅਤ ਦੀ ਘਾੜਤ ਵਿੱਚ ਪੰਜ ਪਿਆਰਿਆਂ ਦਾ ਯੋਗਦਾਨ** 8
ਡਾ. ਮੇਵਾ ਸਿੰਘ ਸਿੱਧੂ

4. **ਮਹਾਤਮਾ ਫੀਥਾਗੋਰਸ** 17
ਡਾ. ਗੁਲਜ਼ਾਰ ਸਿੰਘ ਕੰਗ

5 **ਸੁਰਾਂ ਦਾ ਸ਼ਾਹ ਸਵਾਰ - ਸ਼੍ਰੋਮਣੀ ਰਾਗੀ ਭਾਈ ਬਲਬੀਰ ਸਿੰਘ** 23

6. **ਸ੍ਰੀ ਗੁਰੂ ਗ੍ਰੰਥ ਸਾਹਿਬ : ਰਾਗ ਰਾਮਕਲੀ** 28
ਡਾ. ਜਸਬੀਰ ਕੌਰ

7. **ਆਹਾਰ-ਵਿਹਾਰ** 32
ਪਰਮਜੀਤ ਸਿੰਘ

8. **ਰਾਗ ਪ੍ਰੀਚੈ -ਰਾਗ ਦੇਵਗੰਧਾਰੀ** 35
ਪ੍ਰਿੰ. ਸੁਖਵੰਤ ਸਿੰਘ ਜੀ

9. **ਸਰਗਰਮੀਆਂ** 37

ਰਚਨਾਵਾਂ ਅਤੇ ਚੰਦਾ ਭੇਜਣ ਲਈ ਪਤਾ
ਸੰਪਾਦਕ :
**ਵਿਸਮਾਦੁ ਨਾਦ**
**ਗੁਰਦੁਆਰਾ ਗੁਰ ਗਿਆਨ ਪ੍ਰਕਾਸ਼**
ਜਵੱਦੀ ਟਕਸਾਲ, ਲੁਧਿਆਣਾ-141013, ਪੰਜਾਬ, ਭਾਰਤ
ਫੋਨ : 0161-2562596, ਫੈਕਸ : 5108696, 2560533 ਮੋ: 94170-44275
E-mail : jawaddi.taksal@gmail.com Website : www.jawadditaksal.org

ਇਸ ਮੈਗਜ਼ੀਨ ਵਿੱਚ ਛਪੇ ਲੇਖਾਂ ਅਤੇ ਰਚਨਾਵਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਆਪਣੇ ਹਨ, ਇਨ੍ਹਾਂ ਵਿਚਾਰਾਂ ਨਾਲ ਪ੍ਰਕਾਸ਼ਕ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ





# ਸ੍ਰੀ ਦਸਮ ਗ੍ਰੰਥ ਦੇ ਮੁੱਦੇ ਨੂੰ ਨਿਸ਼ਠਾਪੂਰਵਕ ਵਿਚਾਰਨ ਦੀ ਲੋੜ ਸਮੇਂ ਦੀ ਮੁੱਖ ਮੰਗ

ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਰਚਨਾ 'ਸ੍ਰੀ ਦਸਮ ਗ੍ਰੰਥ' ਬਾਰੇ ਪਿਛਲੇ ਲੰਮੇ ਸਮੇਂ ਤੋਂ ਸਿੱਖ ਜਗਤ ਵਿੱਚ ਕਈ ਤਰ੍ਹਾਂ ਦੇ ਭਰਮ ਭੁਲੇਖੇ ਪਾਏ ਜਾ ਰਹੇ ਹਨ ਕਿ 'ਸ੍ਰੀ ਦਸਮ ਗ੍ਰੰਥ' ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਆਪਣੀ ਰਚਨਾ ਹੈ ਜਾਂ ਨਹੀਂ।

ਦਸਮ ਗ੍ਰੰਥ ਕੋਈ ਇੱਕ ਪੁਸਤਕ ਨਹੀਂ ਬਲਕਿ ਸ੍ਰੀ ਦਸ਼ਮੇਸ਼ ਪਿਤਾ ਰਚਿਤ ਨਿੱਕੀਆਂ ਵੱਡੀਆਂ ਹਿੰਦੀ, ਫ਼ਾਰਸੀ ਅਤੇ ਪੰਜਾਬੀ ਆਦਿ ਰਚਨਾਵਾਂ ਦਾ ਸੰਗ੍ਰਹਿ ਹੈ, ਜੋ ਮਾਤਾ ਸੁੰਦਰੀ ਜੀ ਦੀ ਪ੍ਰੇਰਨਾ ਸਦਕਾ ਭਾਈ ਮਨੀ ਸਿੰਘ ਅਤੇ ਭਾਈ ਸ਼ੀਹਾਂ ਸਿੰਘ ਵਰਗੇ ਹਜ਼ੂਰੀ ਵਿਦਵਾਨ ਸਿੱਖਾਂ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ ਜੋਤਿ ਸਮਾਉਣ ਉਪਰੰਤ, ਉਨ੍ਹਾਂ ਦੀਆਂ ਰਚਨਾਵਾਂ ਨੂੰ ਸੰਭਾਲਣ ਹਿੱਤ ਕੀਤਾ ਗਿਆ ਸੀ। ਇਸ ਵਿੱਚ ਸ੍ਰੀ ਜਾਪੁ, ਸ੍ਰੀ ਅਕਾਲ ਉਸਤਤਿ, ਗਿਆਨ ਪ੍ਰਬੋਧ ਸ਼ਸਤਰ, ਨਾਮੁਮਾਲਾ, ਚੰਡੀ ਚਰਿਤ੍ਰੋਕਤੀ ਬਿਲਾਸ, ਵਾਰ ਦੁਰਗਾ ਕੀ, ਬਚਿਤ੍ਰ ਨਾਟਕ ਚਰਿਤ੍ਰੋਪਖਯਾਨ, ਹਕਾਯਾਤ ਤੇ ਜਫ਼ਰਨਾਮਾ ਇਨ੍ਹਾਂ ਦਸ ਤੋਂ ਇਲਾਵਾ ਸ਼ਬਦ ਰਾਗਾਂ ਕੇ, 32 ਸ੍ਵਯੇ, ਖਾਲਸਾ ਮਹਿਮਾ, ਖਿਆਲ ਸੱਦੇ ਤੇ ਕੁਝ ਹੋਰ ਛੰਦ ਵੀ ਸ਼ਾਮਲ ਹਨ ਜੋ ਇਸ ਦੇ ਅੰਤ ਵਿੱਚ ਦਰਜ ਕੀਤੇ ਗਏ ਹਨ। ਉਪਰੋਕਤ ਸਾਰੀਆਂ ਰਚਨਾਵਾਂ ਗੁਰੂ ਸਾਹਿਬ ਨੇ ਸਿੱਖ ਕੌਮ ਨੂੰ ਅਗਵਾਈ ਦਿੰਦਿਆਂ ਹੋਇਆਂ ਜੀਵਨ ਦੇ ਵੱਖ-ਵੱਖ ਖੇਤਰਾਂ ਵਿੱਚ ਆਉਣ ਵਾਲੇ ਬਿਖਮ ਪੈਂਡਿਆਂ ਬਾਰੇ ਸੁਚੇਤ ਕੀਤਾ ਹੈ। ਪ੍ਰੰਤੂ ਕੁਝ ਵੀਰ ਗੁਰੂ ਜੀ ਦੇ ਉਪਰੋਕਤ ਮੰਤਵ ਨੂੰ ਸਮਝਣ ਵਿੱਚ ਅਸਮਰਥ ਰਹੇ ਤੇ ਸ਼ੰਕੇ ਖੜ੍ਹੇ ਕਰਨੇ ਸ਼ੁਰੂ ਕਰ ਦਿੱਤੇ ਅਤੇ ਇਹ ਪ੍ਰਚਾਰ ਕਰਨਾ ਸ਼ੁਰੂ ਕਰ ਦਿੱਤਾ ਕਿ ਇਹ ਤਾਂ ਦਰਬਾਰੀ ਕਵੀਆਂ ਦੀ ਰਚਨਾ ਹੈ, ਪ੍ਰੰਤੂ ਅਸਲ ਵਿਚ ਇਹ ਸਮੁੱਚੀ ਰਚਨਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਹੀ ਹੈ। ਦਸਮ ਗ੍ਰੰਥ ਦੀ ਪ੍ਰਮਾਣਿਕਤਾ ਬਾਰੇ ਕੁਝ ਨੁਕਤੇ ਇਸ ਪ੍ਰਕਾਰ ਵਿਚਾਰੇ ਜਾ ਸਕਦੇ ਹਨ:-

1 ਇਹ ਦਸਵੇਂ ਪਾਤਸ਼ਾਹ ਦਾ ਗ੍ਰੰਥ ਗੁਰੂ ਜੀ ਦੇ ਦੇਹਾਂਤ ਉਪਰੰਤ ਭਾਈ ਮਨੀ ਸਿੰਘ ਅਤੇ ਭਾਈ ਸੀਹਾਂ ਸਿੰਘ ਵਰਗੇ ਹਜ਼ੂਰੀ ਵਿਦਵਾਨ ਸਿੱਖਾਂ ਸੰਕਲਿਤ ਕੀਤਾ ਜੋ ਕਿ ਇੱਕ-ਇੱਕ ਚੀਜ਼ ਤੋਂ ਵਾਕਿਫ ਸਨ। ਭਾਈ ਮਨੀ ਸਿੰਘ ਜੀ ਦੀ ਚਿੱਠੀ ਵੀ ਇਸ ਤੱਥ ਦੀ ਪੁਸ਼ਟੀ ਕਰਦੀ ਹੈ।

2 ਅਠਾਰ੍ਹਵੀਂ ਸਦੀ ਵਿਚ ਉਪਲਬਧ ਦਰਜਨ ਦੇ ਕਰੀਬ ਪ੍ਰਾਚੀਨ ਹੱਥ ਲਿਖਤਾਂ ਦਸਮ ਗ੍ਰੰਥ ਵਿੱਚ ਇਹੋ ਰਚਨਾਵਾਂ ਸ਼ਾਮਿਲ ਹਨ।

3 ਦਸਮ ਗ੍ਰੰਥ ਦੀ ਅੰਦਰਲੀ ਗਵਾਹੀ ਵੀ ਇਹੋ ਸਿੱਧ ਕਰਦੀ ਹੈ ਕਿ ਇਸ ਦਾ ਕਰਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਹਨ, ਜੋ ਆਪਣੀ ਕਥਾ ਵੀ ਆਪ ਦੱਸ ਰਹੇ ਹਨ "ਅਬ ਮੈਂ ਅਪਨੀ ਕਥਾ ਬਖਾਨੋ" ਚਰਿਤ੍ਰਾਂ ਵਿੱਚ ਆਏ ਅਨੇਕ ਸੰਕੇਤ ਇਸੇ ਦਾ ਸਬੂਤ ਹਨ।

4 ਇਸ ਵਿਸ਼ਾਲ ਰਚਨਾ ਦੀ ਸ਼ੈਲੀ ਵੀ ਤੇ ਬੋਲੀ ਵੀ ਇਹੋ ਪ੍ਰਮਾਣਿਤ ਕਰਦੀ ਹੈ ਕਿ ਇਸਦਾ ਕਰਤਾ ਇਕੋ ਮਹਾਂਕਵੀ ਹੈ। ਉਦਾਹਰਣ ਵਜੋਂ ਗੁਰੂ ਸਾਹਿਬ ਅਕਾਲ ਪੁਰਖ ਵਾਸਤੇ - ਭਗਉਤੀ, ਖੰਡਾ, ਖੜਗ, ਖਗ, ਤੇਗ, ਅਸਿ, ਕ੍ਰਿਪਾਨ ਅਸਿਧੁਜ, ਖੜਗਕੇਤੁ

ਕਾਲ, ਮਹਾਂਕਾਲ ਸਰਬ ਲੋਹ ਆਦਿ ਸੰਕੇਤ ਵਰਤਦੇ ਹਨ, ਜੋ ਹੋਰ ਕਿਸੇ ਸਮਕਾਲੀ ਕਵੀ ਨੇ ਨਹੀਂ ਵਰਤੇ। ਇਹ ਸੰਕੇਤਾਵਲੀ ਵੱਧ-ਘੱਟ ਰੂਪ ਵਿੱਚ-ਵਿੱਚ ਆਪ ਜੀ ਦੀਆਂ ਰਚਨਾਵਾਂ ਵਿੱਚ ਵਿਦਮਾਨ ਹੁੰਦੀ ਹੈ।

5 ਹਰ ਦਰਬਾਰੀ ਕਵੀ ਨੇ ਆਪਣੀ ਰਚਨਾ ਦੇ ਮੁੱਢ ਵਿੱਚ ਗੁਰੂ ਗੋਬਿੰਦ ਰਾਓ ਜੀ ਦਾ ਮੰਗਲਾਚਰਨ ਕੀਤਾ ਹੈ, ਪ੍ਰੰਤੂ ਦਸਮ ਗ੍ਰੰਥ ਵਿੱਚ ਹਰ ਰਚਨਾ ਵਿੱਚ ਕੇਵਲ ਅਕਾਲ ਪੁਰਖ ਦਾ ਹੀ ਮੰਗਲ ਹੈ, ਕਿਸੇ ਇੱਕ ਵਿਅਕਤੀ ਦਾ ਨਹੀਂ।

6 ਕਈ ਸਾਂਝੇ ਛੰਦ ਅਜਿਹੇ ਹਨ ਜੋ ਬਚਿੱਤਰ ਨਾਟਕ ਤੇ ਚਰਿਤਰੋਪਖਯਾਨ, ਦੋਹਾਂ ਗ੍ਰੰਥਾਂ ਵਿੱਚ ਸ਼ਾਮਲ ਮਿਲਦੇ ਹਨ ਜਿਵੇਂ "ਮੇਰੁ ਕੀਯੋ ਤ੍ਰਿਣ ਤੇ ਮੁਹਿ ਜਾਹਿ" ਜਾਂ "ਕਾਗਦ ਦੀਪ ਸਬੈ ਕਰਕੈ" ਵਾਲਾ ਸਵੱਈਆ ਆਦਿ।

7 ਪੁਰਾਣੇ ਸਿੱਖਾਂ ਦਾ ਪੱਕਾ ਨਿਸ਼ਚਾ ਸੀ ਕਿ ਇਹ ਦਸਮ ਗ੍ਰੰਥ ਦੀ ਸਾਰੀ ਰਚਨਾ ਸ੍ਰੀ ਦਸਮ ਕ੍ਰਿਤ ਹੈ ਇਸੇ ਕਰਕੇ ਪੰਥਕ ਹਿਦਾਇਤ ਸੀ

**ਦੁਹੂੰ ਗ੍ਰੰਥ ਮੈਂ ਬਾਣੀ ਜੋਈ ਚੁਨਿ ਚੁਨਿ ਕੰਠ ਕਰੈ ਨਿਤ ਸੋਈ**

(ਰਹਿਤਨਾਮਾ ਭਾਈ ਦੇਸਾ ਸਿੰਘ)

ਉਘੇ ਸਿੱਖ ਵਿਦਵਾਨ ਪ੍ਰੋਫੈਸਰ ਪਿਆਰਾ ਸਿੰਘ ਪਦਮ ਆਪਣੀ ਪੁਸਤਕ "ਸ੍ਰੀ ਦਸਮੇਸ਼ ਬਾਣੀ" ਵਿੱਚ ਸਪੱਸ਼ਟ ਕਰਦੇ ਹਨ 'ਖਗ! ਖੰਡ ਬਿਹੰਡੰ ਖਲਦਲ ਖੰਡੰ' ਵਰਗਾ ਤ੍ਰਿਭੰਗੀ ਛੰਦ ਗੁਰੂ ਸਾਹਿਬ ਤੋਂ ਸਿਵਾ ਹੋਰ ਕੋਈ ਨਹੀਂ ਲਿਖ ਸਕਦਾ। ਉਹ ਲਿਖਦੇ ਹਨ ਕਿ ਜੇ ਚਰਿਤ੍ਰੋਪਖਯਾਨ ਸ੍ਰੀ ਦਸਮੇਸ਼ ਜੀ ਦੀ ਰਚਨਾ ਨਹੀਂ ਤਾਂ ਇਸਦੇ ਅੰਤ ਵਿਚ ਆਉਣ ਵਾਲੀ ਬੇਨਤੀ 'ਚੌਪਈ' ਨੂੰ ਅੰਮ੍ਰਿਤ ਵੇਲੇ ਦੀਆਂ ਬਾਣੀਆਂ ਦਾ ਅੰਗ ਕਿਉਂ ਬਣਾਇਆ ਗਿਆ ਹੈ।

ਦਸਮ ਗ੍ਰੰਥ ਦੇ ਕਰਤਾ ਬਾਰੇ ਵਿਚਾਰ ਕਰਦੇ ਸਮੇਂ ਸਿੱਖ ਜਗਤ ਦੇ ਉਘੇ ਵਿਦਵਾਨ ਡਾ.ਜੋਧ ਸਿੰਘ, ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਇਨ੍ਹਾਂ ਸ਼ਬਦਾਂ ਦੀ ਪ੍ਰੋੜ੍ਹਤਾ ਕਰਨੀ ਬਣਦੀ ਹੈ ਕਿ ਸੰਪੂਰਨ ਦਸਮ ਗ੍ਰੰਥ ਨੂੰ ਬਹੁਤ ਹੀ ਨਿਸ਼ਠਾਪੂਰਵਕ ਵਿਚਾਰਨ ਦੀ ਲੋੜ ਹੈ ਅਤੇ ਸੁਹਿਰਦ ਵਿਦਵਾਨਾਂ ਨੂੰ ਇਕੱਠੇ ਬਹਿ ਕੇ ਇਸ ਗ੍ਰੰਥ ਦੀ ਸ਼ੋਭਾ ਨੂੰ ਅਣਜਾਣ ਲੋਕਾਂ ਦੇ ਸਾਹਮਣੇ ਲਿਆਉਣਾ ਚਾਹੀਦਾ ਹੈ ਤੇ ਦਸਮੇਸ਼ ਪਿਤਾ ਦੇ ਕਾਵਿ-ਕੌਸ਼ਲ ਅਤੇ ਫਲਸਫੇ ਦੀ ਜਾਣਕਾਰੀ ਦੀਆਂ ਬੁਲੰਦੀਆਂ ਨੂੰ ਮਾਣਨ ਦਾ ਯਤਨ ਕਰਨਾ ਚਾਹੀਦਾ ਹੈ।

ਸਮੁੱਚੇ ਰੂਪ ਵਿੱਚ ਵੇਖਿਆ ਜਾਵੇ ਤਾਂ ਦਸਮ ਗ੍ਰੰਥ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀਆਂ ਅਜਿਹੀਆਂ ਅਤਿ ਮਹੱਤਵਪੂਰਨ ਰਚਨਾਵਾਂ ਦਾ ਸੰਗ੍ਰਹਿ ਹੈ ਜਿਨ੍ਹਾਂ ਬਾਰੇ ਆਮ ਸਮਝ ਵਾਲੇ ਪਾਠਕਾਂ ਨੂੰ ਬੜੇ ਭਰਮ ਭੁਲੇਖੇ ਹਨ ਪ੍ਰੰਤੂ ਇਨ੍ਹਾਂ ਰਚਨਾਵਾਂ ਵਿੱਚ ਸਿੱਖਾਂ ਨੂੰ ਅਧਿਆਤਮਕ ਅਗਵਾਈ ਦੇ ਨਾਲ-ਨਾਲ ਸਮਾਜਿਕ ਜੀਵਨ ਬਾਰੇ ਵੀ ਅਹਿਮ ਅਗਵਾਈ ਪ੍ਰਦਾਨ ਕਰਨ ਵਾਲੇ ਨੁਕਤਿਆਂ ਨੂੰ ਵਿਚਾਰਿਆ ਗਿਆ ਹੈ। ਸਮੇਂ ਦੀ ਮੁੱਖ ਲੋੜ ਹੈ ਕਿ ਸੰਜੀਦਾ ਸੋਚ ਵਾਲੀਆਂ ਜ਼ਿੰਮੇਵਾਰ ਸੰਸਥਾਵਾਂ ਇਸ ਵਿਸ਼ੇ 'ਤੇ ਸੈਮੀਨਾਰ ਆਯੋਜਿਤ ਕਰਨ ਤੇ ਲੋਕਾਈ ਨੂੰ ਸੱਚ ਨਾਲ ਜੋੜਨ।

**ਪਰਮਜੀਤ ਸਿੰਘ ਪੰਮੀ**



# ਕਥਾ ਵੀਚਾਰ ਕੱਤਕ ਮਹੀਨਾ

ਸੰਤ ਗਿਆਨੀ ਅਮੀਰ ਸਿੰਘ ਜੀ

**ੴ ਸਤਿਗੁਰ ਪ੍ਰਸਾਦਿ**
**ਕਤਿਕਿ ਕਰਮ ਕਮਾਵਣੇ ਦੋਸੁ ਨ ਕਾਹੂ ਜੋਗੁ॥**
**ਪਰਮੇਸਰ ਤੇ ਭੁਲਿਆਂ ਵਿਆਪਨਿ ਸਭੇ ਰੋਗ॥**
**ਵੇਮੁਖ ਹੋਏ ਰਾਮ ਤੇ ਲਗਨਿ ਜਨਮ ਵਿਜੋਗ॥**
**ਖਿਨ ਮਹਿ ਕਉੜੇ ਹੋਇ ਗਏ ਜਿਤੜੇ ਮਾਇਆ ਭੋਗ॥**
**ਵਿਚੁ ਨ ਕੋਈ ਕਰਿ ਸਕੈ ਕਿਸ ਥੈ ਰੋਵਹਿ ਰੋਜ॥**
**ਕੀਤਾ ਕਿਛੂ ਨ ਹੋਵਈ ਲਿਖਿਆ ਧੁਰਿ ਸੰਜੋਗ॥**
**ਵਡਭਾਗੀ ਮੇਰਾ ਪ੍ਰਭੁ ਮਿਲੈ ਤਾਂ ਉਤਰਹਿ ਸਭਿ ਬਿਓਗ॥**
**ਨਾਨਕ ਕਉ ਪ੍ਰਭ ਰਾਖਿ ਲੇਹਿ ਮੇਰੇ ਸਾਹਿਬ ਬੰਦੀ ਮੋਚ॥**
**ਕਤਿਕ ਹੋਵੈ ਸਾਧਸੰਗੁ ਬਿਨਸਹਿ ਸਭੇ ਸੋਚ॥੯॥** (ਅੰਗ ੧੩੩)

**ਭੂਮਿਕਾ:-** ਕੱਤਕ ਦੇ ਮਹੀਨੇ ਰਾਹੀਂ ਧੰਨ ਗੁਰੂ ਅਰਜਨ ਦੇਵ ਮਹਾਰਾਜ ਜੀ ਕਿਰਪਾ ਕਰਦੇ ਹੋਏ ਸਮਝਾਉਂਦੇ ਹਨ ਕਿ ਮਨੁੱਖੀ ਜ਼ਿੰਦਗੀ ਅੰਦਰ ਸੁਚੇਤਤਾ ਅਤਿ ਜ਼ਰੂਰੀ ਹੈ ਕਿਉਂਕਿ ਇਸ ਜੀਵਨ ਅੰਦਰ ਕੀਤੇ ਹੋਏ ਕਰਮ ਇਸ ਦੇ ਦੁਖਾਂ ਸੁੱਖਾਂ ਦਾ ਕਾਰਨ ਇਥੇ ਵੀ ਬਣਦੇ ਹਨ ਅਤੇ ਸੰਸਕਾਰ ਰੂਪ ਦੇ ਵਿੱਚ ਅੱਗੇ ਵੀ ਇਸ ਨੂੰ ਪ੍ਰਭਾਵਿਤ ਕਰਦੇ ਹਨ। ਕਰਮ ਇਸ ਦੇ ਜੀਵਨ ਵਿੱਚ ਹਮੇਸ਼ਾ ਹੀ ਅਹਿਮ ਭੂਮਿਕਾ ਨਿਭਾਉਂਦੇ ਹਨ। ਪ੍ਰਭੂ ਦੀ ਨੇੜਤਾ ਤੇ ਉਸ ਤੋਂ ਦੂਰੀ ਵੀ ਇਸ 'ਤੇ ਨਿਰਭਰ ਹੈ। ਭਾਵੇਂ ਪ੍ਰਭੂ ਪ੍ਰਾਪਤੀ ਪ੍ਰਭੂ ਦੀ ਕਿਰਪਾ ਦੁਆਰਾ ਹੁੰਦੀ ਹੈ ਪਰ ਪ੍ਰਭੂ ਕਿਰਪਾ ਵੀ ਚੰਗੇ ਕਰਮਾਂ ਤੋਂ ਬਿਨਾਂ ਸੰਭਵ ਨਹੀਂ। ਸਤਿਗੁਰੂ ਜੀ ਨੇ ਇਸੇ ਲਈ ਹੀ ਪ੍ਰਭੂ ਪ੍ਰਾਪਤੀ ਨੂੰ ਸ਼ੁਭ ਕਰਮਾਂ ਦੀ ਜਾਂ ਚੰਗੇ ਭਾਗਾਂ ਦਾ ਖੇਡ ਆਖਿਆ ਹੈ, "**ਕਰਮੀ ਆਪੋ ਆਪਣੀ ਕੇ ਨੇੜੈ ਕੇ ਦੂਰਿ**" ਜਾਂ ਐਸਾ ਵੀ ਗੁਰਬਾਣੀ ਵਿੱਚ ਫੁਰਮਾਨ ਹੈ :

**ਪੂਰਬ ਕਰਮ ਅੰਕੁਰ ਜਬ ਪ੍ਰਗਟੇ ਭੇਟਿਓ ਪੁਰਖੁ ਰਸਿਕ ਬੈਰਾਗੀ॥**
**ਮਿਟਿਓ ਅੰਧੇਰੁ ਮਿਲਤ ਹਰਿ ਨਾਨਕ ਜਨਮ ਜਨਮ ਕੀ ਸੋਈ ਜਾਗੀ॥** (ਅੰਗ ੨੦੪)

**ਭਾਵ:-** ਕਰਮਾਂ ਕਰਕੇ ਦੁਖ-ਸੁਖ ਪ੍ਰਭੂ ਨੇੜਤਾ ਜਾਂ ਦੂਰੀ ਪ੍ਰਵਾਨ ਕੀਤੀ ਗਈ ਹੈ। ਤਾਂ ਹੀ ਸਤਿਗੁਰੂ ਜੀ ਸਮਝਾਉਂਦੇ ਨੇ ਕਿ ਭਾਈ ਜੇ ਇਨ੍ਹਾਂ ਕਰਮਾਂ ਕਰਕੇ ਹੀ ਸਾਰਾ ਸਿਲਸਿਲਾ ਹੈ ਤਾਂ ਫਿਰ ਕਰਮ ਕਰਨ ਲੱਗਿਆਂ ਸੁਚੇਤ ਕਿਉਂ ਨਾ ਹੋਈਏ। ਜਦੋਂ ਜੀਵ ਸੁਚੇਤ ਹੋਵੇਗਾ ਤਾਂ ਇਹ ਬੁਰੇ ਕਰਮ ਕਰਨ ਤੋਂ ਆਪਣੇ ਆਪ ਨੂੰ ਵਰਜੇਗਾ ਤਾਂ ਫਿਰ ਜਦੋਂ ਇਹ ਬੁਰੇ ਕਰਮ ਹੀ ਨਹੀਂ ਕਰੇਗਾ ਤਾਂ ਉਨ੍ਹਾਂ ਬੁਰੇ ਕਰਮਾਂ ਦਾ ਪ੍ਰਭਾਵ ਉਸ ਉਤੇ ਪਵੇਗਾ ਕਿਵੇਂ? ਪਰ ਇੱਕ ਸਵਾਲ ਜਗਿਆਸੂ ਦੇ ਮਨ ਬਦੋ-ਬਦੀ ਘੁਸਦਾ ਹੈ ਕਿ ਜੇ ਇਹ ਕਰਮ ਹੀ ਸਭ ਕੁਝ ਹਨ ਜਿਸ ਕਰਕੇ ਜੀਵ ਦੁਖ-ਸੁਖ ਪਾਉਂਦਾ ਹੈ ਤਾਂ ਫਿਰ ਸਤਿਗੁਰੂ ਤੇ ਨਾਮ ਦੀ ਕੀ ਮਹੱਤਤਾ ਹੋਈ? ਸੁਆਲ ਜ਼ਰੂਰ ਅਹਿਮ ਹੈ ਪਰ ਇਸਦਾ ਜੁਆਬ ਵੱਡੀ ਗੱਲ ਨਹੀਂ ਕਿ ਨਾ ਦਿੱਤਾ ਜਾ ਸਕੇ। ਸਤਿਗੁਰੂ ਅਤੇ ਨਾਮ ਵਿੱਚ ਇਹ ਸਮਰੱਥਾ ਹੈ ਕਿ ਇਸ ਜੀਵ ਦੇ ਕੀਤੇ ਹੋਏ ਬੁਰੇ ਕਰਮਾਂ ਨੂੰ ਇਸਦੀ ਸੇਵਾ ਜਾਂ ਇਸ ਦੇ ਸਮਰਪਣ ਤੋਂ ਖੁਸ਼ ਹੋ ਕੇ ਮਿਟਾ ਸਕਦਾ ਹੈ। ਆਪਾਂ ਇੱਕ ਬਚਨ ਸਤਿਗੁਰੂ ਜੀ ਦੀ ਬਾਣੀ ਵਿੱਚ ਪੜ੍ਹਦੇ ਹਾਂ ਜੋ ਇਸ ਗੱਲ ਦੀ ਪ੍ਰੋੜ੍ਹਤਾ ਕਰਦਾ ਹੈ :

**ਘੋਰ ਦੁਖੵੰ ਅਨਿਕ ਹੵੰ ਜਨਮ ਦਾਰਿਦ੍ਰੰ ਮਹਾ ਬਿਖੵਾਦੰ॥ ਮਿਟੰਤ ਸਗਲ**
**ਸਿਮਰੰਤ ਹਰਿ ਨਾਮ ਨਾਨਕ ਜੈਸੇ ਪਾਵਕ ਕਾਸਟ ਭਸਮੰ ਕਰੋਤਿ॥** (ਅੰਗ ੧੩੫੫)

**ਭਾਵ:-** ਭਿਆਨਕ ਦੁੱਖ ਅਤੇ ਹੱਤਿਆਵਾਂ ਦੇ ਕੀਤੇ ਹੋਏ ਪਾਪ ਜਨਮਾਂ ਜਨਮਾਂਤਰਾਂ ਦਾ ਦਲਿੱਦਰ, ਅਤਿ ਦੇ ਮਾੜੇ ਕਰਮਾਂ ਦਾ ਮਾਰਿਆ ਹੋਇਆ ਜੇ ਜੀਵ ਪ੍ਰਭੂ ਨਾਮ ਸਿਮਰ ਲਵੇ ਤਾਂ ਗੁਰੂ ਬਖ਼ਸ਼ੇ ਇਸ ਨਾਮ ਸਿਮਰਨ ਨਾਲ ਸਾਰੇ ਦੇ ਸਾਰੇ ਇਹ ਪਾਪ ਇਉਂ ਮਿਟ ਜਾਂਦੇ ਹਨ ਜਿਵੇਂ ਲੱਕੜਾਂ ਦਾ ਇਕ ਢੇਰ ਅੱਗ ਦੀ ਇੱਕ ਚੰਗਿਆੜੀ ਨਾਲ ਸੜ ਕੇ ਸਵਾਹ ਹੋ ਜਾਂਦਾ ਹੈ।

ਪਰ ਇਹ ਸਭ ਕੁਝ ਸਤਿਗੁਰੂ ਜੀ ਦੀ ਬਖ਼ਸ਼ਿਸ਼ ਤੇ ਰਹਿਮਤ ਤੋਂ ਬਿਨਾਂ ਸੰਭਵ ਨਹੀਂ ਤੇ ਇਸੇ ਰਹਿਮਤ ਨੂੰ ਪ੍ਰਾਪਤ ਕਰਨ ਲਈ ਫਿਰ ਸੇਵਾ ਤੇ ਆਪਾ ਭਾਵ ਗਵਾਉਣ ਦਾ ਕਰਮ ਕਰਨਾ ਹੀ ਪੈਂਦਾ ਹੈ। ਸੋ ਕਰਮ ਫਿਲਾਸਫੀ ਤਾਂ ਬਹੁਤ ਹੀ ਡੂੰਘੀ ਹੈ, ਆਉ ਸੰਖੇਪ ਵਿੱਚ ਇਸ ਪਵਿੱਤਰ ਮਹੀਨੇ ਦੀ ਵਿਚਾਰ ਸ਼ੁਰੂ ਕਰੀਏ। ਫੁਰਮਾਨ ਹੈ :

**ਕਤਿਕਿ ਕਰਮ ਕਮਾਵਣੇ ਦੋਸੁ ਨ ਕਾਹੂ ਜੋਗੁ॥**
**ਪਰਮੇਸਰ ਤੇ ਭੁਲਿਆਂ ਵਿਆਪਨਿ ਸਭੇ ਰੋਗ॥**

**ਭਾਵ:-** ਕੱਤਕ ਮਹੀਨੇ ਰਾਹੀਂ ਗੁਰੂ ਅਰਜਨ ਦੇਵ ਜੀ ਕਿਰਪਾ ਕਰਦੇ ਨੇ ਕਿ ਆਪਣੇ ਕੀਤੇ ਹੋਏ ਕਰਮਾਂ ਕਰਕੇ ਆਉਣ ਵਾਲੇ ਦੁੱਖ ਦਾ ਦੋਸ਼ ਕਿਸੇ ਹੋਰ 'ਤੇ ਨਹੀਂ ਦੇਣਾ ਚਾਹੀਦਾ। ਪ੍ਰਮੇਸ਼ਰ ਤੋਂ ਭੁੱਲਿਆਂ ਸਾਰੇ ਦੇ ਸਾਰੇ ਰੋਗ ਜੀਵ ਨੂੰ ਵਿਆਪ ਜਾਂਦੇ ਹਨ।

ਸਤਿਗੁਰੂ ਜੀ ਇੱਕ ਫੁਰਮਾਨ ਕਰਦੇ ਨੇ ਕਿ ਜਦੋਂ ਗੁਰਮਤਿ ਦੇ ਗਿਆਨ ਕਿਸੇ ਜੀਵ ਨੂੰ ਦੁੱਖ ਵਿਆਪਦਾ ਹੈ ਤਾਂ ਉਹ ਉਸ ਦਾ ਦੋਸ਼ ਕਿਸੇ ਹੋਰ ਨੂੰ ਦੇਣ ਦੀ ਬਜਾਇ ਪ੍ਰਭੂ ਨੂੰ ਇਹੀ ਕਹਿੰਦਾ ਹੈ ਕਿ ਰੱਬਾ! ਇਹ ਦੋਸ਼ ਕਿਸੇ ਦਾ ਨਹੀਂ ਇਹ ਤਾਂ ਮੈਨੂੰ ਮੇਰੇ ਕਰਮਾਂ ਦਾ ਫਲ ਮਿਲਿਆ ਹੈ :

**ਦਦੈ ਦੋਸੁ ਨ ਦੇਊ ਕਿਸੈ ਦੋਸੁ ਕਰੰਮਾ ਆਪਣਿਆ॥**
**ਜੋ ਮੈ ਕੀਆ ਸੋ ਮੈ ਪਾਇਆ ਦੋਸੁ ਨ ਦੀਜੈ ਅਵਰ ਜਨਾ॥** (ਅੰਗ ੪੩੨)

ਇਕ ਇਤਿਹਾਸਕ ਗਾਥਾ ਹੈ ਕਿ ਭਾਈ ਤੀਰਥਾ ਧੰਨ ਗੁਰੂ ਰਾਮਦਾਸ ਪਾਤਸ਼ਾਹ ਨੂੰ ਬੇਨਤੀ ਕਰਦੇ ਨੇ ਮਹਾਰਾਜ ਕਈ ਵਾਰੀ ਕਰਮ ਤੇ ਮਾੜੇ ਨਹੀਂ ਕਰੀਦੇ ਪਰ ਦੁੱਖ ਬਦੋ-ਬਦੀ ਵਿਆਪਦਾ ਹੈ ਇਸ ਦਾ ਕਾਰਨ ਕੀ ਹੈ? ਸਤਿਗੁਰੂ ਜੀ ਜਵਾਬ ਦੇਂਦੇ ਨੇ ਭਾਈ ਤੀਰਥਾ! ਬੰਦੇ ਨੂੰ ਦੁੱਖ ਕਰਮ ਦਾ ਹੀ ਮਿਲਦਾ ਹੈ ਪਰ ਕਈ ਵਾਰੀ ਬੰਦਾ ਕਰਮ ਕਰਕੇ ਭੁੱਲ ਜਾਂਦਾ ਹੈ। ਉਨ੍ਹਾਂ ਨੇ ਇਸ ਗੱਲ ਨੂੰ ਸਪੱਸ਼ਟ ਰੂਪ ਵਿੱਚ ਸਮਝਾਉਂਦਿਆਂ ਹੋਇਆਂ ਇਕ ਗਾਥਾ ਆਖਿਆ ਕਿ ਭਾਈ ਤੀਰਥਾ ਇੱਕ ਬਾਦਸ਼ਾਹ ਇੱਕ ਦਿਨ ਆਪਣੇ ਛੋਟੇ ਪੁੱਤਰ ਨੂੰ ਵਿਆਹ ਕੇ ਲਿਆਇਆ। ਪਹਿਲੀ ਹੀ ਰਾਤ ਉਸ ਦੀ ਨੂੰਹ ਹੱਥੋਂ ਪੁੱਤਰ ਦੀ ਮੌਤ ਹੋ ਗਈ ਤੇ ਉਸਦੀ ਨੂੰਹ ਨੇ ਆਪਣੇ ਆਪ ਦਾ ਬਚਾਅ ਕਰਨ ਲਈ ਰਾਜੇ ਦੇ ਘਰ ਰੱਖੇ ਹੋਏ ਇਕ ਸੰਤ 'ਤੇ ਦੋਸ਼ ਲਾ ਦਿੱਤਾ ਕਿ ਮੇਰੇ ਪਤੀ ਦਾ ਕਤਲ ਇਸ ਸੰਤ ਨੇ ਕੀਤਾ ਹੈ। ਦਿਨ ਚੜ੍ਹਿਆ ਰਾਜੇ ਦੀ ਸਭਾ ਲੱਗੀ, ਉਸ ਨੇ ਆਪਣੀ ਨੂੰਹ ਨੂੰ ਬਲਾਇਆ, ਘਰ ਵਿੱਚ ਰੱਖੇ ਮਹਾਤਮਾ ਨੂੰ ਵੀ ਬੁਲਾਇਆ, ਰਾਜੇ ਦੀ ਨੂੰਹ ਨੇ ਭਰੀ ਸਭਾ ਵਿੱਚ ਆਪਣਾ ਦੋਸ਼ ਦੁਹਰਾਇਆ। ਸੰਤ ਜੀ ਨਿਰਦੋਸ਼ ਸਨ ਸਗੋਂ ਉਸ ਸਭਾ ਵਿੱਚ ਉਨ੍ਹਾਂ ਦੀ ਕੌਣ ਸੁਣੇ? ਰਾਜੇ ਨੇ ਆਖਿਆ ਇਸ ਮਹਾਤਮਾ ਨੇ ਸਾਡੇ ਨਾਲ ਧ੍ਰੋਹ ਕੀਤਾ ਹੈ। ਇਸ ਤਰ੍ਹਾਂ ਸੱਜਾ ਹੱਥ ਵੱਢ ਕੇ ਧੱਕੇ ਮਾਰ ਕੇ ਬਾਹਰ ਕੱਢ ਦਿੱਤਾ ਜਾਵੇ, ਐਸਾ ਹੀ ਕੀਤਾ ਗਿਆ। ਉਹ ਮਹਾਪੁਰਸ਼ ਉਥੋਂ ਨਿਕਲੇ, ਸੋਚਣ ਲੱਗੇ ਕਿ ਇਸ ਦੁੱਖ ਦਾ ਕਾਰਨ ਕੀ ਹੈ? ਮੈਂ ਤਾਂ ਰਾਜੇ ਦੇ ਲੜਕੇ ਨੂੰ ਮਾਰਿਆ ਵੀ ਨਹੀਂ, ਮੈਨੂੰ ਇਹ ਵੀ ਪਤਾ ਹੈ ਕਿ ਮੈਂ ਪਿਛਲੇ ਪੰਜ ਛੇ ਜਨਮਾਂ ਤੋਂ ਤਪੱਸਿਆ ਕਰਦਾ ਆ ਰਿਹਾ ਹਾਂ। ਮਾੜਾ ਕਰਮ ਹੀ ਨਹੀਂ ਕੀਤਾ, ਸੋਚਣ ਲੱਗਾ ਕਿ ਇਸ ਗੱਲ ਦਾ ਗਿਆਨ ਮੇਰੇ ਇੱਕ ਸਾਧੂ ਮਿੱਤਰ ਨੂੰ ਹੋ ਸਕਦਾ ਹੈ ਜੋ ਮੇਰੇ ਨਾਲ ਤਪੱਸਿਆ ਕਰਦੇ ਰਹੇ ਨੇ। ਉਨ੍ਹਾਂ ਤੋਂ ਪੁੱਛ ਵੇਖਦੇ ਹਾਂ। ਮਹਾਤਮਾ ਉਨ੍ਹਾਂ ਕੋਲ ਗਿਆ ਅਤੇ ਪੁੱਛਿਆ ਮੈਂ ਕੋਈ ਮਾੜਾ ਕਰਮ ਵੀ ਨਹੀਂ ਕੀਤਾ ਫਿਰ ਵੀ ਮੇਰੀ ਬਾਂਹ ਵੱਢੀ ਗਈ ਹੈ। ਉਨ੍ਹਾਂ ਮਹਾਪੁਰਸ਼ਾਂ ਨੇ ਜਵਾਬ ਦਿੱਤਾ ਕਿ ਇਹ ਤੇਰੇ ਕੀਤੇ ਹੋਏ ਕਰਮਾਂ ਦੀ ਸਜ਼ਾ ਹੀ ਹੈ। ਪੰਜ ਛੇ ਜਨਮ ਬਾਅਦ ਵਿੱਚ



ਧਿਆਨ ਮਾਰ ਮੈਂ ਤੇ ਤੂੰ ਦੋਵੇਂ ਤਪੱਸਿਆ ਕਰ ਰਹੇ ਸੀ ਕਿ ਇੱਕ ਗਾਂ ਆਪਣੇ ਆਪ ਨੂੰ ਕਸਾਈ ਤੋਂ ਛੁਡਾ ਕੇ ਉਧਰ ਨੂੰ ਦੌੜਦੀ ਹੋਈ ਲੰਘ ਰਹੀ ਸੀ, ਕਸਾਈ ਵੀ ਪਿੱਛੇ-ਪਿੱਛੇ ਆ ਰਿਹਾ ਸੀ, ਉਸ ਨੇ ਤੇਰੇ ਤੋਂ ਗਾਂ ਬਾਰੇ ਪੁੱਛਿਆ ਤੂੰ ਬੋਲਿਆ ਤਾਂ ਨਹੀਂ ਪਰ ਸੱਜੇ ਹੱਥ ਨਾਲ ਇਸ਼ਾਰਾ ਕਰ ਦਿੱਤਾ ਤੇ ਉਹ ਕਰਮ ਬਣ ਗਿਆ। ਤੇਰੇ ਉਸੇ ਕਰਮ ਦੀ ਸਜ਼ਾ ਹੁਣ ਤੈਨੂੰ ਮਿਲੀ ਹੈ। ਗੁਰੂ ਰਾਮਦਾਸ ਪਾਤਸ਼ਾਹ ਫੁਰਮਾਉਂਦੇ ਹਨ ਤੀਰਥਾ! ਇਹੀ ਕਾਰਨ ਹੈ ਕਿ ਜੀਵ ਕਰਮ ਕਰਦੇ ਨੇ ਤੇ ਭੁੱਲ ਜਾਂਦੇ ਨੇ। ਕਰਮ ਦੇ ਭੁਗਤਾਨ ਵੇਲੇ ਆਏ ਦੁੱਖ ਵੇਲੇ ਕਿਸੇ ਹੋਰ ਨੂੰ ਦੋਸ਼ੀ ਠਹਿਰਾਉਂਦੇ ਹਨ ਜੋ ਠੀਕ ਨਹੀਂ। ਦੋਸ਼ੀ ਠਹਿਰਾਉਣ ਤੋਂ ਪਹਿਲਾਂ ਕਿਉਂ ਨਾ ਅਜਿਹਾ ਕੀਤਾ ਜਾਏ ਕਿ ਦੁੱਖ ਆਵੇ ਹੀ ਨਾ ਭਾਵ ਦੁੱਖ ਆਉਣ ਦਾ ਕਾਰਨ ਮਾੜੇ ਕਰਮ ਹਨ ਤੇ ਮਾੜੇ ਕਰਮ ਜੀਵ ਕਰੇ ਹੀ ਨਾ। ਸ਼ਬਦ ਦੀਆਂ ਉਪਰੋਕਤ ਪੰਕਤੀਆਂ ਵਿੱਚ ਸਤਿਗੁਰੂ ਜੀ ਨੇ ਇਹੋ ਉਪਦੇਸ਼ ਦਿੱਤਾ ਹੈ। ਸ਼ਬਦ ਦੀਆਂ ਦੂਸਰੀਆਂ ਪੰਕਤੀਆਂ ਵਿੱਚ ਸਤਿਗੁਰੂ ਜੀ ਕਿਰਪਾ ਕਰਦੇ ਨੇ :

**ਵੇਮੁਖ ਹੋਏ ਰਾਮ ਤੇ ਲਗਨਿ ਜਨਮ ਵਿਜੋਗ॥**
**ਖਿਨ ਮਹਿ ਕਉੜੇ ਹੋਇ ਗਏ ਜਿਤੜੇ ਮਾਇਆ ਭੋਗ॥**

**ਭਾਵ:-** ਪ੍ਰਮੇਸ਼ਰ ਤੋਂ ਬੇਮੁਖ (ਭਜਨ ਬੰਦਗੀ ਨਾ ਕਰਨ ਵਾਲਾ) ਜੀਵ ਨੂੰ ਜਨਮ-ਜਨਮਾਂਤਰਾਂ ਲਈ ਪ੍ਰਭੂ ਤੋਂ ਵਿਛੋੜਾ ਪੈ ਜਾਂਦਾ ਹੈ। ਮਾਇਆ ਦੇ ਭੋਗ, ਰੱਬ ਤੋਂ ਬੇਮੁੱਖ ਹੋਣ ਨਾਲ ਖਿਨ-ਮਾਤਰ ਵਿੱਚ ਕੌੜੇ ਹੋ ਕੇ ਦੁੱਖ ਰੂਪ ਬਣ ਜਾਂਦੇ ਨੇ।

ਪਰਮੇਸ਼ਰ ਤੋਂ ਬੇਮੁੱਖਤਾਈ ਜਿਥੇ ਪ੍ਰਭੂ ਤੋਂ ਵਿਛੋੜਾ ਤਾਂ ਪਾਉਂਦੀ ਹੀ ਹੈ, ਉਥੇ ਸਾਰੇ ਸੁੱਖ ਆਰਾਮ ਵੀ ਬੰਦੇ ਦੇ ਜੀਵਨ ਲਈ ਦੁਖਦਾਈ ਰੂਪ ਧਾਰਨ ਕਰ ਲੈਂਦੇ ਹਨ। ਸਤਿਗੁਰੂ ਜੀ ਨੇ ਬਾਣੀ ਵਿੱਚ ਬਚਨ ਕੀਤਾ ਹੈ "**ਸੁੰਦਰ ਸੇਜ ਅਨੇਕ ਸੁਖ ਰਸ ਭੋਗਣ ਪੂਰੇ॥ ਗ੍ਰਿਹ ਸੋਇਨ ਚੰਦਨ ਸੁਗੰਧ ਲਾਇ ਮੋਤੀ ਹੀਰੇ॥**" ਭਾਵ ਸਾਰੇ ਸੁੱਖ, ਦੁੱਖ ਬਣ ਗਏ ਕਿਉਂਕਿ ਸੁਖ ਦਾਤਾ ਪ੍ਰਭੂ ਜੀਵ ਤੋਂ ਦੂਰ ਹੋ ਗਿਆ ਤੇ ਇਹ ਜੀਵ ਵੀ ਸੁਖਦਾਤੇ ਪ੍ਰਭੂ ਤੋਂ ਦੂਰ ਹੋ ਗਿਆ। ਦੂਸਰੇ ਪਾਸੇ ਜਿਸ ਕੋਲ ਪ੍ਰਭੂ ਦੀ ਸਨਮੁਖਤਾਈ ਹੈ ਪਰ ਉਸ ਕੋਲ ਮਾਇਆ ਦੇ ਭੋਗਾਂ ਦੀ ਵੀ ਅਣਹੋਂਦ ਹੈ ਤੇ ਉਹ ਜੀਵ ਇੱਕ ਸਧਾਰਨ ਤੇ ਸਿੱਧ ਪੱਧਰੀ ਗਰੀਬੀ ਭਰੀ ਜ਼ਿੰਦਗੀ ਬਸਰ ਕਰਦਾ ਹੈ। ਉਹ ਜੀਵ ਦੁਨੀਆਂ ਦੇ ਬਾਦਸ਼ਾਹ ਨੂੰ ਮਿਲੇ ਸੁੱਖਾਂ ਤੋਂ ਵੀ ਵਧੇਰੇ ਸੁੱਖ ਮਾਣਦਾ ਹੈ ਕਿਉਂਕਿ ਉਸ ਕੋਲ ਪ੍ਰਭੂ ਦੀ ਨੇੜਤਾ ਹੈ।

**ਬਸਤਾ ਤੂਟੀ ਝੁੰਪੜੀ ਚੀਰ ਸਭਿ ਛਿੰਨਾ॥**
**ਜਾਤਿ ਨ ਪਤਿ ਨ ਆਦਰੋ ਉਦਿਆਨ ਭ੍ਰਮਿੰਨਾ॥** (ਅੰਗ ੭੦੭)

ਸਤਿਗੁਰੂ ਜੀ ਸ਼ਬਦ ਦੇ ਤੀਜੇ ਬੰਦ ਵਿੱਚ ਬਚਨ ਕਰਦੇ ਨੇ

**ਵਿਚੁ ਨ ਕੋਈ ਕਰਿ ਸਕੈ ਕਿਸ ਥੈ ਰੋਵਹਿ ਰੋਜ॥**
**ਕੀਤਾ ਕਿਛੂ ਨ ਹੋਵਈ ਲਿਖਿਆ ਧੁਰਿ ਸੰਜੋਗ॥**

**ਭਾਵ:-** ਮਾਇਆ ਦੀ ਪਕੜ ਤੇ ਵਿਸ਼ੇ ਵਿਕਾਰਾਂ ਵਿੱਚ ਪੈ ਕੇ ਇਸ ਜੀਵ ਨੂੰ ਦੁੱਖ ਆ ਲਗਦੇ ਹਨ, ਉਨ੍ਹਾਂ ਦੁੱਖਾਂ ਤੋਂ ਬਚਣ ਲਈ ਨਾ ਕੋਈ ਵਿਚੋਲਗੀ ਕਰ ਸਕਦਾ ਹੈ ਤੇ ਨਾ ਹੀ ਕੋਈ ਸਹਾਇਤਾ ਕਰ ਸਕਦਾ ਹੈ ਅਤੇ ਜੋ ਸਹਾਇਤਾ ਨਹੀਂ ਕਰ ਸਕਦਾ ਉਸ ਅੱਗੇ ਰੋਣਾ ਵਿਅਰਥ ਹੈ।

ਪ੍ਰਮੇਸ਼ਰ ਤੋਂ ਭੁੱਲੇ ਹੋਏ ਦੁਖੀ ਜੀਵ ਦਾ ਦੁੱਖ ਵਿੱਚੋਂ ਨਿਕਲਣ ਦਾ ਕੀਤਾ ਹੋਇਆ ਯਤਨ ਕੋਈ ਅਰਥ ਨਹੀਂ ਰੱਖਦਾ ਕਿਉਂਕਿ ਇਹ ਪਿਛਲੇ ਜਨਮ ਦੇ ਕੀਤੇ ਹੋਏ ਕਰਮਾਂ ਅਨੁਸਾਰ ਲਿਖੇ ਹੋਏ ਲੇਖਾਂ ਦੀ ਵਿਧੀ ਹੀ ਬਣਦੀ ਹੈ। ਦੁਖ ਵਿਚ ਪਏ ਹੋਏ ਜੀਵ ਨੂੰ ਭਲਾ ਕੌਣ ਛੁਡਾ ਸਕਦਾ ਹੈ ਕਿਉਂਕਿ ਜਿਸ ਕੋਲ ਆਪਣੇ ਦੁੱਖ ਤੋਂ ਛੁਟਕਾਰਾ ਪਾਉਣ ਲਈ ਇਹ ਜੀਵ ਗੱਲ ਕਰੇਗਾ ਹੋ ਸਕਦਾ ਹੈ ਉਹ ਜੀਵ ਆਪਣੇ ਦੁੱਖਾਂ ਦੀ ਪੰਡ ਹੀ ਇਸ ਕੋਲ ਖੋਲ੍ਹ ਦੇਵੇ। ਸਤਿਗੁਰੂ ਜੀ ਨੇ ਬੜਾ ਸੁੰਦਰ ਬਚਨ ਕੀਤਾ ਹੈ :

**ਹਰਿ ਬਿਨੁ ਕਉਨੁ ਸਹਾਈ ਮਨ ਕਾ॥**
**ਮਾਤ ਪਿਤਾ ਭਾਈ ਸੁਤ ਬਨਿਤਾ ਹਿਤੁ ਲਾਗੋ ਸਭ ਫਨ ਕਾ॥੧॥** (ਅੰਗ ੧੨੫੩)

ਗੁਰੂ ਸਾਹਿਬ ਫੁਰਮਾਉਂਦੇ ਹਨ ਕਿ ਮਾਂ, ਬਾਪ, ਪੁੱਤਰ, ਧੀਆਂ ਅਤੇ ਰਿਸ਼ਤੇਦਾਰ ਇਹ ਸਭ ਦੁੱਖਾਂ ਦੇ ਪੁਤਲੇ ਹਨ। ਇਹ ਇਸ ਜੀਵ ਨੂੰ ਸੁੱਖ ਕਿਵੇਂ ਦੇ ਸਕਦੇ ਹਨ। ਸਤਿਗੁਰੂ ਜੀ ਨੇ ਇਸ ਸਬੰਧੀ ਇੱਕ ਹੋਰ ਬਚਨ ਇਸ ਪ੍ਰਕਾਰ ਕੀਤਾ ਹੈ :

**ਜਿਸੁ ਮਾਨੁਖ ਪਹਿ ਕਰਉ ਬੇਨਤੀ ਸੋ ਅਪਨੈ ਦੁਖਿ ਭਰਿਆ॥**
**ਪਾਰਬ੍ਰਹਮੁ ਜਿਨਿ ਰਿਦੈ ਅਰਾਧਿਆ ਤਿਨਿ ਭਉ ਸਾਗਰੁ ਤਰਿਆ॥੧॥** (ਅੰਗ ੪੯੭)

ਸੋ ਸਪੱਸ਼ਟ ਹੈ ਕਿ ਮਨੁੱਖੀ ਜੀਵ ਦੇ ਦੁੱਖਾਂ ਵਿੱਚ ਡੁੱਬ ਰਹੇ ਬੇੜੇ ਨੂੰ ਪ੍ਰਮੇਸ਼ਰ ਤੋਂ ਬਿਨਾਂ ਕੋਈ ਵੀ ਮੋਢਾ ਨਹੀਂ ਦੇ ਸਕਦਾ। ਉਸ ਤੋਂ ਬਿਨਾਂ ਕਿਸੇ ਹੋਰ ਵਿੱਚ ਕੋਈ ਸਮਰੱਥਾ ਨਹੀਂ। ਇਸੇ ਲਈ ਸਤਿਗੁਰੂ ਜੀ ਨੇ ਮਨੁੱਖ ਅੰਦਰ ਗੁਰੂ ਪਿਆਰ ਜਗਾਉਂਦਿਆਂ ਆਖਿਆ ਹੈ : ਐ ਭਾਈ! ਗੁਰੂ ਦੀ ਮੂਰਤ ਨੂੰ ਆਪਣੇ ਮਨ ਵਿੱਚ ਰੱਖ :

**ਗੁਰ ਕੀ ਮੂਰਤਿ ਮਨ ਮਹਿ ਧਿਆਨੁ॥ ਗੁਰ ਕੈ ਸਬਦਿ ਮੰਤ੍ਰੁ ਮਨੁ ਮਾਨ॥**
**ਗੁਰ ਕੇ ਚਰਨ ਰਿਦੈ ਲੈ ਧਾਰਉ॥ ਗੁਰੁ ਪਾਰਬ੍ਰਹਮੁ ਸਦਾ ਨਮਸਕਾਰਉ॥੧॥** (ਅੰਗ ੮੬੪)

ਸ਼ਬਦ ਦੇ ਅਗਲੇ ਪਦ ਵਿੱਚ ਗੁਰੂ ਜੀ ਕਿਰਪਾ ਕਰਦੇ ਹਨ :

**ਵਡਭਾਗੀ ਮੇਰਾ ਪ੍ਰਭੁ ਮਿਲੈ ਤਾਂ ਉਤਰਹਿ ਸਭਿ ਬਿਓਗ॥**
**ਨਾਨਕ ਕਉ ਪ੍ਰਭ ਰਾਖਿ ਲੇਹਿ ਮੇਰੇ ਸਾਹਿਬ ਬੰਦੀ ਮੋਚ॥**

**ਭਾਵ:-** ਗੁਰੂ ਸਾਹਿਬ ਕਹਿੰਦੇ ਹਨ ਕਿ ਜਦੋਂ ਵੱਡੇ ਭਾਗਾਂ ਨਾਲ ਮੇਰਾ ਪ੍ਰਭੂ ਇਸ ਜੀਵ ਨੂੰ ਆ ਮਿਲਦਾ ਹੈ ਤਾਂ ਇਸ ਦੇ ਸਾਰੇ ਹੀ ਵਿਛੋੜੇ ਮਿਟ ਜਾਂਦੇ ਹਨ। ਨਾਨਕ (ਗੁਰੂ ਜੀ) ਕਹਿੰਦੇ ਨੇ ਐ ਪ੍ਰਭੂ! ਮੈਨੂੰ ਰੱਖ ਲਵੋ, ਤੁਸੀਂ ਜੀਵ ਨੂੰ ਬੰਧਨਾਂ ਤੋਂ ਛੁਡਾਉਣ ਦੇ ਸਮਰੱਥ ਹੋ।

ਪ੍ਰਭੂ ਮਿਲਾਪ ਨਾਲ ਸਾਰੇ ਵਿਛੋੜੇ ਮਿਟ ਗਏ ਤੇ ਵਿਛੋੜੇ ਮਿਟਣ ਨਾਲ ਸਾਰੇ ਦੁੱਖ, ਦਲਿੱਦਰ ਅਤੇ ਚਿੰਤਾਵਾਂ ਵੀ ਖ਼ਤਮ ਹੋ ਗਈਆਂ। ਜੀਵ ਉਸ ਪ੍ਰਭੂ ਦੇ ਚਰਨਾਂ ਵਿੱਚ ਓਤਪੋਤ ਹੋ ਕੇ ਕਿਸੇ ਅਕਹਿ ਰਸ ਭਰਪੂਰ ਆਨੰਦਮਈ ਅਵਸਥਾ ਵਿੱਚ ਜਾ ਪਹੁੰਚਿਆ ਜਿਸ ਦਾ ਜ਼ਿਕਰ ਭਗਤ ਰਵਿਦਾਸ ਜੀ ਇਸ ਪ੍ਰਕਾਰ ਕਰਦੇ ਹਨ, "**ਬੇਗਮ ਪੁਰਾ ਸਹਰ ਕੋ ਨਾਉ॥ ਦੂਖੁ ਅੰਦੋਹੁ ਨਹੀ ਤਿਹਿ ਠਾਉ॥**" ਸ਼ਬਦ ਦੇ ਅੰਤ ਵਿੱਚ ਸਤਿਗੁਰੂ ਜੀ ਬਚਨ ਕਰਦੇ ਹਨ :

**ਕਤਿਕ ਹੋਵੈ ਸਾਧਸੰਗੁ ਬਿਨਸਹਿ ਸਭੇ ਸੋਚ॥੯॥**

ਕੱਤਕ ਦੇ ਮਹੀਨੇ ਵਿੱਚ ਜੇ ਜੀਵ ਨੂੰ ਸਤਿਪੁਰਸ਼ਾਂ ਦੀ ਸੰਗਤ ਪ੍ਰਾਪਤ ਹੋ ਜਾਵੇ ਤਾਂ ਇਸ ਵਿੱਚੋਂ ਸਾਰੀਆਂ ਸੋਚਾਂ ਖੰਭ ਲਾ ਕੇ ਉਡੱ ਜਾਂਦੀਆਂ ਹਨ।

**ਭਾਵ ਅਰਥ:-** ਕੀਤੇ ਹੋਏ ਕਰਮਾਂ ਮੁਤਾਬਿਕ ਜੀਵ ਦੁਖ ਸੁਖ ਭੋਗਦਾ ਹੈ। ਪਰਮੇਸ਼ਰ ਤੋਂ ਦੂਰ ਹੋ ਕੇ ਸਾਰੇ ਰੋਗਾਂ ਦਾ ਸ਼ਿਕਾਰ ਹੁੰਦਾ ਹੈ ਤੇ ਪ੍ਰਭੂ ਤੋਂ ਬੇਮੁਖਤਾ ਅਨੇਕਾਂ ਜਨਮਾਂ ਦੇ ਵਿਛੋੜੇ ਪਾਉਂਦੀ ਹੈ। ਰੱਬ ਤੋਂ ਭੁੱਲ ਕੇ ਮਾਇਆ ਦੇ ਸਾਰੇ ਸੁੱਖ ਆਰਾਮ ਫਿੱਕੇ ਪੈ ਜਾਂਦੇ ਨੇ। ਮਾਇਆ ਵਿੱਚ ਪਿਆ ਹੋਇਆ ਜੀਵ ਦੁਖੀ ਹੋ ਕੇ ਵਿਲਕਦਾ ਹੈ ਤੇ ਉਸ ਨੂੰ ਦੁੱਖਾਂ ਵਿੱਚੋਂ ਕੋਈ ਬਾਹਰ ਨਹੀਂ ਕੱਢ ਸਕਦਾ। ਅਸਲ ਵਿੱਚ ਇਹ ਕੀਤੇ ਹੋਏ ਕਰਮਾਂ ਦੀ ਹੀ ਖੇਡ ਹੈ। ਵੱਡੇ ਭਾਗਾਂ ਨਾਲ ਜਦੋਂ ਪ੍ਰਭੂ ਮਿਲਦਾ ਹੈ ਤਾਂ ਸਾਰੀਆਂ ਦੁੱਖ ਰੂਪੀ ਪ੍ਰਸਥਿਤੀਆਂ ਬਦਲ ਜਾਂਦੀਆਂ ਹਨ ਤੇ ਸੁਖ ਦਾ ਸੂਰਜ ਹਿਰਦੇ 'ਤੇ ਜਗਮਗਾ ਉਠਦਾ ਹੈ। ਸਾਧੂ ਗੁਰਮੁਖਾਂ ਦੀ ਸੰਗਤ ਵਿੱਚ ਬੈਠ ਕੇ ਸਾਰੀਆਂ ਸੋਚਾਂ, ਚਿੰਤਾਵਾਂ ਮਿਟ ਜਾਂਦੀਆਂ ਹਨ। ਇਸ ਲਈ ਗੁਰੂ ਸਾਹਿਬ ਫੁਰਮਾਨ ਕਰਦੇ ਹਨ ਕਿ ਕੱਤਕ ਦੇ ਮਹੀਨੇ ਵਿਚ ਉਸ ਪ੍ਰਮੇਸ਼ਵਰ ਦਾ ਨਾਮ ਜਪਣਾ ਚਾਹੀਦਾ ਹੈ।



# ਸਿੱਖ ਸ਼ਖ਼ਸੀਅਤ ਦੀ ਘਾੜਤ ਵਿੱਚ ਪੰਜ ਪਿਆਰਿਆਂ ਦਾ ਯੋਗਦਾਨ

ਡਾ. ਮੇਵਾ ਸਿੰਘ ਸਿੱਧੂ

ਇਤਿਹਾਸ ਇਸ ਹਕੀਕਤ ਦੀ ਸਾਖੀ ਭਰਦਾ ਹੈ ਕਿ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਤੱਕ ਦਸਾਂ ਹੀ ਗੁਰੂ ਸਾਹਿਬਾਨ ਦੇ ਪਰਉਪਕਾਰ ਦੇ ਫਲਸਰੂਪ ਧਾਰਮਿਕ ਚਿੰਤਨ ਅਤੇ ਵਿਵਹਾਰਦੀ ਜਿਹੜੀ ਪ੍ਰੰਪਰਾ ਕਾਇਮ ਹੋਈ, ਉਸ ਅਨੁਸਾਰ ਵਿਸ਼ਵਾਸ ਅਤੇ ਵੀਰਤਾ, ਸਦਾਚਾਰ ਅਤੇ ਨੈਤਿਕਤਾ, ਉਦਾਰਤਾ ਅਤੇ ਬਲੀਦਾਨ ਦੇ ਸੰਜੋਗੀ ਸੁਮੇਲ ਦਾ ਅਦੁੱਤੀ ਮਹੱਤਵ ਹੈ।

ਧਾਰਮਿਕ ਵਿਸ਼ਵਾਸ ਦੇ ਨਤੀਜੇ ਵਜੋਂ ਵਿਸ਼ੇਸ਼ ਪਰਕਾਰ ਦੀ ਸ਼ਖ਼ਸੀਅਤ ਰੂਪਮਾਨ ਹੁੰਦੀ ਹੈ। ਗੁਰਬਾਣੀ ਦੀ ਪ੍ਰੇਰਨਾ ਅਨੁਸਾਰ ਜਿਹੜੀ ਇਨਸਾਨੀ ਸ਼ਖ਼ਸੀਅਤ ਰੂਪਮਾਨ ਹੋਈ, ਉਸਦਾ ਮੀਰੀ ਗੁਣ ਹੈ ਅਣਖੀਲੀ ਵਿਜੈਸ਼ਾਲੀ, ਕਰਮ-ਪ੍ਰਚੰਡਤਾ, ਜਿਸ ਨੂੰ ਸੰਮਤ 1756 ਅਨੁਸਾਰ 1699 ਈ. ਦੀ ਵਿਸਾਖੀ ਵਾਲੇ ਦਿਨ ਆਨੰਦਪੁਰ ਦੀ ਧਰਤੀ ਉਪਰ ਗੁਰੂ ਗੋਬਿੰਦ ਸਿੰਘ ਜੀ ਨੇ ਪ੍ਰਗਟ ਕੀਤਾ। ਇਸ ਗੱਲ ਨੂੰ ਧਿਆਨ ਵਿੱਚ ਰੱਖਣਾ ਅਤਿ ਅਵੱਸ਼ਕ ਹੈ ਕਿ ਸੁਰਤ ਜਾਂ ਸੰਵੇਦਨਾ ਯੁਕਤ ਵਿਸ਼ਵਾਸ ਹੀ ਉਹ ਸੰਚਾਲਕ ਸ਼ਕਤੀ ਹੈ, ਜਿਹੜੀ ਮਾਨਵ ਪ੍ਰਾਣੀ ਨੂੰ ਵਿਲੱਖਣ ਜਾਂ ਸਾਧਾਰਣ ਸ਼ਖ਼ਸੀਅਤ ਦਾ ਧਾਰਨੀ ਬਣਾਉਂਦੀ ਹੈ। ਗੁਰਮਤਿ ਅਨੁਸਾਰ ਧੁਰ ਕੀ ਬਾਣੀ ਦੇ ਪ੍ਰਭਾਵ ਸਦਕਾ ਸੁਰਤਿ, ਮਤਿ, ਮਨ ਅਤੇ ਬੁੱਧੀ ਦੀ ਨਵੀਨ ਘਾੜਤ ਹੋਂਦਵਾਨ ਹੁੰਦੀ ਹੈ। ਇਹ ਵੀ ਆਖਿਆ ਜਾ ਸਕਦਾ ਹੈ ਕਿ ਸਿੱਖੀ ਸੁਰਤ ਦੀ ਸਬਲਤਾ, ਸ਼ੁਭ ਕਰਮਾਂ ਲਈ ਤਤਪਰਤਾ ਅਤੇ ਅੰਤਮ ਜਿੱਤ ਵਿਚ ਵਿਸ਼ਵਾਸ ਦਾ ਹੀ ਦੂਸਰਾ ਨਾਮ ਹੈ। ਸ਼ੁਭ ਕਰਮਾਂ ਸਦਕਾ ਪ੍ਰਾਪਤ ਹੋਣ ਵਾਲੀ ਜਿੱਤ ਪ੍ਰਥਾਇ ਗੁਰੂ ਗੋਬਿੰਦ ਸਿੰਘ ਜੀ ਦਾ ਫੁਰਮਾਨ ਹੈ,

**ਦੇਹ ਸ਼ਿਵਾ ਵਰ ਮੋਹਿ ਏਹੈ ਸ਼ੁਭ ਕਰਮਨ ਤੇ ਕਬਹੂ ਨਾ ਟਰੋ॥**
**ਨ ਡਰੋ ਅਰ ਸੋ ਜਬ ਜਾਇ ਲਰੋ ਨਿਸਚੈ ਕਰ ਅਪਨੀ ਜੀਤ ਕਰੋ॥**

ਸਿੱਖ ਸ਼ਖ਼ਸੀਅਤ ਨੂੰ ਨਿਰੰਤਰ ਸ਼ਕਤੀ ਦਾ ਸੰਚਾਰ ਬਾਣੀ ਰਾਹੀਂ ਲਗਾਤਾਰ ਹੋ ਰਿਹਾ ਸੀ। ਜਿਸ ਕਰਕੇ ਸਿੱਖ ਦੇ ਅੰਦਰਲੀ ਸੰਚਾਲਕ ਸ਼ਕਤੀ, ਜੋ ਬਾਣੀ ਦੇ ਸਹਾਰੇ ਪ੍ਰਾਪਤ ਹੋ ਰਹੀ ਸੀ, ਸਦਕਾ ਉਸ ਦੀ ਸ਼ਖ਼ਸੀਅਤ ਦੀ ਨਵੀਂ ਘਾੜਤ ਘੜੀ ਜਾ ਰਹੀ ਸੀ। ਗੁਰੂ ਨਾਨਕ ਸਾਹਿਬ ਇਸੇ ਪੱਖ ਨੂੰ ਸਪੱਸ਼ਟ ਕਰਕੇ ਫੁਰਮਾਉਂਦੇ ਹਨ :

**ਤਿਥੈ ਘਾੜਤਿ ਘੜੀਐ ਬਹੁਤੁ ਅਨੂਪੁ॥ ਤਾ ਕੀਆ ਗਲਾ ਕਥੀਆ ਨਾ ਜਾਹਿ॥**
**ਜੇ ਕੋ ਕਹੈ ਪਿਛੈ ਪਛੁਤਾਇ॥ ਤਿਥੈ ਘੜੀਐ ਸੁਰਤਿ ਮਤਿ ਮਨਿ ਬੁਧਿ॥** (ਅੰਗ ੮)

ਮਾਨਵ ਵਿਅਕਤਿਤਵ ਦੀ ਉਸਾਰੀ ਅਜਬ ਤੇ ਵਿਲੱਖਣ ਹੈ। ਗੁਰੂ ਨਾਨਕ ਦੇਵ ਜੀ ਨੇ ਮਾਨਵ ਦੀ ਘਾੜਤ ਨੂੰ ਅਨੂਪ ਆਖਿਆ ਹੀ ਨਹੀਂ ਸਗੋਂ ਸੱਚਮੁੱਚ ਅਨੂਪ ਘਾੜਤ ਘੜੀ ਵੀ ਹੈ। ਬਾਣੀ ਵਿਚ ਏਨੀ ਸਮਰੱਥਾ ਹੈ ਕਿ ਉਹ ਸਾਧਾਰਨ ਮਨੁੱਖ ਨੂੰ ਦੈਵਤਵ ਦਾ ਧਾਰਨੀ ਬਣਾ ਦਿੰਦੀ ਹੈ। ਗੁਰੂ ਆਸ਼ੇ ਦਾ ਕਾਰਜ ਵੀ ਮਾਵ ਦਾ ਦੈਵੀਕਰਨ ਕਰਕੇ ਉਸ ਨੂੰ ਉਚੀ ਸੁੱਚੀ ਸ਼ਖ਼ਸੀਅਤ ਵਜੋਂ ਉਭਾਰਨਾ ਅਤੇ ਗਤੀਸ਼ੀਲ ਬਣਾਉਣਾ ਸੀ। ਅਜਿਹੀ ਮਹਾਨ ਸ਼ਖ਼ਸੀਅਤ ਹੀ ਜੀਵਨ ਦੀਆਂ ਉਚੀਆਂ-ਸੁੱਚੀਆਂ ਕਦਰਾਂ-ਕੀਮਤਾਂ ਦੇ ਸਹਾਰੇ ਸਮਾਜਿਕ ਪੱਧਰ ਦੀ ਉਸਾਰੀ ਕਰਨ ਦੇ ਸਮਰੱਥ ਹੋਇਆ ਕਰਦੀ ਹੈ। ਜਿਹੜੀ ਕਿਸੇ ਉਚੇ ਵਿਚਾਰ ਦੇ ਸਹਾਰੇ ਹੋਂਦਵਾਨ ਹੁੰਦੀ ਹੈ। ਇਸ ਤੱਥ ਦੀ ਪੁਸ਼ਟੀ ਵਰਗਸਾਂ ਦੇ

ਗਤੀਸ਼ੀਲ ਵਿਚਾਰਾਂ ਦੇ ਜੀਵਨ ਸੱਤਰ ਨੂੰ ਉਚਿਆਉਣ ਬਾਰੇ ਆਖਣ ਨਾਲ ਵੀ ਹੋ ਆਉਂਦੀ ਹੈ। ਗੁਰੂ ਨਾਨਕ ਦੇਵ ਜੀ ਨੇ ਆਪਣੀ ਬਾਣੀ ਵਿਚ ਜਿਸ ਉਚੀ ਸ਼ਖ਼ਸੀਅਤ ਦਾ ਸੰਕਲਪ ਸੰਸਾਰ ਸਾਹਮਣੇ ਰੱਖਿਆ, ਉਸ ਨੂੰ ਸਾਕਾਰ ਕਰਨ ਅਤੇ ਉਸ ਦੀ ਪ੍ਰਾਪਤੀ ਕਰਨ ਵਾਲੇ ਜੀਵ ਨੂੰ 'ਸਚਿਆਰ' ਬਣਨ ਦਾ ਟੀਚਾ ਦਰਸਾਇਆ। ਇਹ ਸਚਿਆਰਤਾ ਹੀ ਹੈ, ਜਿਸਦੀ ਪ੍ਰਾਪਤੀ ਉਪਰੰਤ ਜੀਵ ਨੇ ਸ਼ਖ਼ਸੀਅਤ ਵਜੋਂ ਸੰਪੰਨ ਹੋ ਕੇ ਸੰਸਾਰ ਸਾਹਮਣੇ ਆਉਣਾ ਹੈ। ਇਸ ਪਦ ਦੀ ਪ੍ਰਾਪਤੀ ਲਈ ਮਾਨਵ ਨੇ ਉਸਦੇ ਸਾਹਮਣੇ ਆਉਣ ਵਾਲੇ ਕੂੜ ਦੀ ਦੀਵਾਰ ਨੂੰ ਢਹਿ ਢੇਰੀ ਕਰਨਾ ਹੈ, ਜਿਹੜੀ ਕੇਵਲ ਪ੍ਰਭੂ ਹੁਕਮ ਵਿਚ ਵਿਚਰਦਿਆਂ ਉਸਦੀ ਰਜ਼ਾ ਅਨੁਸਾਰ ਜੀਵਨ ਗੁਜ਼ਾਰਨ ਦੇ ਅਮਲ ਵਿਚ ਹੈ,

**ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ॥**
**ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ॥** (ਅੰਗ ੧)

ਸੰਸਾਰ ਦੇ ਧਾਰਮਿਕ ਇਤਿਹਾਸ ਨੂੰ ਵਾਚਣ ਤੋਂ ਇਹ ਗੱਲ ਸਪੱਸ਼ਟ ਜਾਂਦੀ ਹੈ ਕਿ ਇੱਕ ਮਹਾਨ ਸ਼ਖ਼ਸੀਅਤ ਦੀ ਉਸਾਰੀ ਲਈ ਗੁਰੂ ਨਾਨਕ ਦੇਵ ਜੀ ਨੇ ਹੀ ਪਹਿਲੀ ਵਾਰ ਅਣਖ ਤੇ ਸਵੈਮਾਣ ਨਾਲ ਪੂਜਾ ਦੀ ਗੱਲ ਆਖੀ ਹੈ।

**ਪਤਿ ਵਿਣੁ ਪੂਜਾ ਸਤ ਵਿਣੁ ਸੰਜਮੁ ਜਤ ਵਿਣੁ ਕਾਹੇ ਜਨੇਊ॥** (ਅੰਗ ੯੦੩)

ਸੰਭਵ ਹੈ, ਗੁਰਬਾਣੀ ਦੇ ਸੱਚ ਤੋਂ ਪ੍ਰਭਾਵਿਤ ਹੋ ਕੇ ਹੀ ਇਕਬਾਲ ਨੇ ਇਹ ਸ਼ੇਅਰ ਆਖਿਆ ਹੋਵੇ,

**ਚਮਨ ਮੇ ਆਹ ਕਿਆ ਰਹਿਣਾ। ਜੋ ਹੋ ਬੇਹਯਾ ਰਹਿਣਾ।**

ਅੰਗਰੇਜ਼ੀ ਦਾ ਇਕ ਵਿਦਵਾਨ ਆਪਣੀ ਪੁਸਤਕ ਹਿਸਟਰੀ ਆਫ਼ ਇੰਗਲਿਸ਼ ਲਿਟਰੇਚਰ ਵਿਚ ਵਿਸ਼ਿਆਂ ਦੀ ਗੱਲ ਕਰਦਾ ਆਖਦਾ ਹੈ ਕਿ ਪ੍ਰਭੂ, ਸੰਸਾਰ ਤੇ ਮਾਨਵ ਤਿੰਨ ਹੀ ਵਿਸ਼ੇ ਹਨ, ਜਿਨ੍ਹਾਂ ਦੁਆਲੇ ਸਭ ਕੁਝ ਘੁੰਮਦਾ ਹੈ। ਗੁਰਬਾਣੀ ਮਾਨਵ ਨੂੰ ਸੰਸਾਰ ਵਿਚ ਵਿਚਰਦਿਆਂ ਇਸ ਦੀ ਮੋਹ ਮਾਇਆ ਵਾਲੀ ਬਿਰਤੀ ਤੋਂ ਨਿਰਲੇਪ ਰਹਿੰਦਿਆਂ ਪ੍ਰਭੂ ਦਾ ਸਿਮਰਨ ਕਰਕੇ ਸਚਿਆਰਤਾ ਦੀ ਪਦਵੀ ਦਾ ਅਧਿਕਾਰੀ ਹੋਣ ਲਈ ਪ੍ਰੇਰਦੀ ਹੈ। ਸਚਿਆਰ ਤੋਂ ਬਿਨਾਂ ਮਾਨਵ ਨੂੰ ਜਿਨ੍ਹਾਂ ਹੋਰਨਾ ਉਚ ਸੱਤਰੀ ਪਦਾਂ ਦਾ ਅਧਿਕਾਰੀ ਹੋਣ ਲਈ ਪ੍ਰੇਰਿਆ ਗਿਆ ਹੈ, ਉਹ ਹਨ ਸੰਤ, ਭਗਤ, ਗੁਰਮੁਖ, ਬ੍ਰਹਮ ਗਿਆਨੀ ਅਤੇ ਖਾਲਸਾ। ਪਰ ਜੀਵ ਨੂੰ ਖਾਲਸਾ ਦੇ ਕਲਸ਼ ਦਾ ਅਧਿਕਾਰੀ ਕੇਵਲ ਉਸ ਸਮੇਂ ਹੀ ਬਣਾਇਆ ਗਿਆ ਜਦੋਂ ਉਹ ਜੀਵਨ ਦੀ ਲੰਮੀ ਯਾਤਰਾ ਵਿਚੋਂ ਸਫਲਤਾ ਸਹਿਤ ਗੁਣ ਗ੍ਰਹਿਣ ਕਰਦਿਆਂ ਇਸ ਦਾ ਅਧਿਕਾਰੀ ਬਣ ਗਿਆ। ਏਥੇ ਜਿਹੜੀ ਗੱਲ ਵਿਸ਼ੇਸ਼ ਧਿਆਨ ਦੀ ਮੰਗ ਕਰਦੀ ਹੈ ਉਹ ਇਹ ਕਿ ਭਾਰਤੀ ਸਮਾਜ ਵਿਚੋਂ ਸਦੀਆਂ ਦੀ ਲੰਮੀ ਗੁਲਾਮੀ ਸਦਕਾ ਅਣਖ, ਗ਼ੈਰਤ, ਸਵੈਮਾਨ, ਕਰਮ ਪ੍ਰਚੰਡਤਾ, ਨਿਸ਼ਚੈ ਨਾਲ ਜਿੱਤ ਪ੍ਰਾਪਤ ਕਰਨ ਦੀ ਭਾਵਨਾ, ਸਾਂਝੀਵਾਲਤਾ ਅਤੇ ਰਾਸ਼ਟਰੀ ਭਾਵਨਾ ਵਰਗੇ ਗੁਣਾਂ ਦਾ ਅਭਾਵ ਹੋ ਚੁੱਕਿਆ ਸੀ। ਅਜਿਹੀ ਜ਼ਿੱਲਤ ਭਰੀ ਜ਼ਿੰਦਗੀ ਵਿਚੋਂ ਮਾਨਵ ਨੂੰ ਕੱਢਣ ਲਈ ਅਤੇ ਭਾਰਤੀ ਜਨ ਜੀਵਨ ਅੰਦਰ ਉਪਰੋਕਤ ਗੁਣਾਂ ਨੂੰ ਪ੍ਰਜਵੱਲਤ ਕਰਨ ਲਈ ਬਾਣੀ ਦੇ ਮਾਧਿਅਮ ਰਾਹੀਂ ਲੰਮਾ ਸੰਘਰਸ਼ ਕਰਨ ਤੇ ਇਕ ਚੰਗੇ ਅਧਿਆਪਕ ਵਾਂਗ ਪੂਰਨੇ ਪਾ ਕੇ ਸਮਝਾਉਣ ਲਈ 230 ਸਾਲ (1469-1699) ਦਾ ਸਮਾਂ ਲਾਉਣਾ ਪਿਆ। ਏਨੇ ਲੰਮੇ ਅਧਿਆਤਮਕ ਤੇ ਸਰੀਰਕ ਸੰਘਰਸ਼ ਦੇ ਫਲਸਰੂਪ ਸ਼ਖ਼ਸੀਅਤ ਅਥਵਾ ਅੰਦਰਲੇ ਵਿਅਕਤਿਤਵ ਨੂੰ ਪੈਦਾ ਕੀਤਾ ਜਾ ਸਕਿਆ ਜਿਸ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ 1699 ਦੀ ਵਿਸਾਖੀ ਨੂੰ ਪੰਜ ਪਿਆਰਿਆਂ ਦੇ ਰੂਪ ਵਿੱਚ ਲੋਕਾਂ ਦੇ ਸਾਹਮਣੇ ਪ੍ਰਗਟ ਕੀਤਾ ਕਿਉਂਕਿ ਇਸ ਸਮੇਂ ਤੱਕ ਗੁਰਬਾਣੀ ਦੇ ਪ੍ਰਭਾਵ ਅਤੇ ਗੁਰੂ ਸਾਹਿਬਾਨ ਦੇ ਨਿੱਜੀ ਸੰਪਰਕ ਸਦਕਾ ਸੁਰਤਿ ਦੀ ਨਵੀਂ ਘਾੜਤ ਘੜੀ ਜਾ



ਚੁੱਕੀ ਸੀ। ਸੁਰਤਿ ਸ਼ਖ਼ਸੀਅਤ ਦੀ ਸੰਚਾਲਕ ਸ਼ਕਤੀ ਹੈ। ਜਿਧਰ ਵੀ ਸੁਰਤਿ ਤੋਰਦੀ ਹੈ ਮਾਨਵ ਸ਼ਖ਼ਸੀਅਤ ਉਸੇ ਅਨੁਸਾਰ ਕਾਰਜਸ਼ੀਲ ਹੁੰਦੀ ਰਹਿੰਦੀ ਹੈ, "**ਜੇਹੀ ਸੁਰਤਿ ਤੇਹੇ ਕਰਮ ਕਮਾਏ**" ਬਾਣੀ ਵਿੱਚ ਇਹ ਵੀ ਸਪੱਸ਼ਟ ਕੀਤਾ ਗਿਆ ਹੈ ਕਿ ਸੰਸਾਰ ਵਿਚ ਕੋਈ ਵੀ ਜੀਵ ਸੁਰਤਿ ਵਿਹੂਣਾ ਪੈਦਾ ਨਹੀਂ ਹੋਇਆ। ਹਰੇਕ ਜੀਵ ਅੰਦਰ ਅਪਣੱਤ ਦੀ ਸੋਝੀ ਪੈਦਾ ਕੀਤੀ ਗਈ ਹੈ। ਸੋਝੀ ਦਾ ਸਤਰ ਹਰੇਕ ਜੀਵ ਦਾ ਵੱਖਰਾ ਤੇ ਆਪੋ ਆਪਣਾ, ਉਚੀ ਬਿਰਤੀ ਵਾਲਾ ਜਾਂ ਨੀਵੀਂ ਬਿਰਤੀ ਵਾਲਾ ਹੋ ਸਕਦਾ ਹੈ,

**ਏਕਾ ਸੁਰਤਿ ਜੇਤੇ ਹੈ ਜੀਅ॥ ਸੁਰਤਿ ਵਿਹੂਣਾ ਕੋਇ ਨ ਕੀਅ॥**
**ਜੇਹੀ ਸੁਰਤਿ ਤੇਹਾ ਤਿਨ ਰਾਹੁ॥ ਲੇਖਾ ਇਕੋ ਆਵਹੁ ਜਾਹੁ॥** (ਅੰਗ ੨੪-੨੫)

ਪ੍ਰੋ. ਗੁਲਵੰਤ ਸਿੰਘ ਅਨੁਸਾਰ 'ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਾਹਿਤਕ ਚਿੰਤਨ, ਸਾਹਿਤਕ ਚੇਤਨਾ ਅਤੇ ਸਾਹਿਤਕ ਰਚਨਾ ਦੀ ਇਕ ਨਵੀਨ ਸ਼ਕਤੀਸ਼ਾਲੀ ਅਤੇ ਮਹੱਤਵਪੂਰਨ ਪ੍ਰੰਪਰਾ ਚਲਾਈ, ਜਿਸ ਵਿਚ ਧਰਮ ਸਾਧਨਾ ਅਤੇ ਕਲਾਤਮਕ ਸੂਖਮਤਾ ਦਾ ਚਮਤਕਾਰੀ ਸੰਜੋਗ ਹੈ। ਸੱਚੇ ਪਰਵਦਗਾਰ ਦੀ ਮਹਿਮਾ ਨੂੰ ਮੂਰਤੀਮਾਨ ਕਰਨ ਵਾਲੇ ਸ਼ਾਇਰ ਨਾਨਕ ਨਿਰੰਕਾਰੀ ਦੀ ਸਾਹਿਤਕ ਰਚਨਾ ਦੇ ਪ੍ਰਭਾਵ ਨੇ ਗੁਲਾਮੀ ਨਾਲ ਭਰੇ ਮੁਰਦਾ ਦਿਲਾਂ ਵਿੱਚ ਜੀਣ-ਥੀਣ ਦਾ ਚਾਉ ਭਰ ਦਿੱਤਾ। ਗੁਰੂ ਸਾਹਿਬ ਨੇ ਧਰਮ ਨੂੰ ਜਮੂਦ, ਠਹਿਰਾਉ ਅਤੇ ਸਾਰ-ਹੀਣ ਰਸਮੋ-ਰਿਵਾਜ਼ ਵਿਚੋਂ ਕੱਢ ਕੇ ਨਵੀਨ ਪ੍ਰਾਣ-ਸ਼ਕਤੀ ਅਤੇ ਪ੍ਰਚੰਡਤਾ ਪ੍ਰਦਾਨ ਕੀਤੀ। ਆਪਦੇ ਮੁਖ਼ਾਰਬਿੰਦ ਤੋਂ ਇਲਾਹੀ ਬਾਣੀ ਦੀ ਜੋ ਅੰਮ੍ਰਿਤਧਾਰਾ ਪ੍ਰਵਾਹਿਤ ਹੋਈ, ਉਸਨੇ ਮਾਨਵ-ਵਿਅਤਿਤਵ ਵਿੱਚ ਪ੍ਰਾਂਜਲਤਾ ਅਤੇ ਸੂਖਮ ਵਿਸਤਾਰ ਪੈਦਾ ਕਰ ਦਿੱਤਾ। ਸਾਂਝ, ਸੁਮੇਲ, ਉਪਕਾਰ, ਬਲੀਦਾਨ ਅਤੇ ਪਰ-ਸੁਆਰਥ ਦਾ ਮਹਾਤਮ ਸਪੱਸ਼ਟ ਕੀਤਾ।

"ਸਿੱਖਾਂ ਨੂੰ 'ਸੰਤ' ਦੇ ਨਾਲ-ਨਾਲ ਸਿਪਾਹੀ ਬਣਨ ਦੀ ਪ੍ਰੇਰਨਾ ਕੇਵਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਹੀ ਕੀਤੀ।" "ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇਸ ਸੰਬੰਧੀ ਕੇਵਲ ਇਹ ਕੀਤਾ ਕਿ ਅਧੂਰੀ ਤਸਵੀਰ ਨੂੰ ਪੂਰਾ ਕਰ ਦਿੱਤਾ, ਉਨ੍ਹਾਂ ਆਪਣੀ ਬੇਮਿਸਾਲ ਅਕਲ ਅਤੇ ਅਕਲ ਰਾਹੀਂ ਇੱਕ ਅਜਿਹੀ ਸ਼ਕਤੀ ਪੈਦਾ ਕਰ ਦਿੱਤੀ, ਜਿਹੜੀ ਮੌਤ ਕੋਲੋਂ ਡਰਦੀ ਨਹੀਂ : ਅਨਿਆਂ ਅਤੇ ਅਨਰਥ ਅੱਗੇ ਝੁਕਦੀ ਨਹੀਂ......... ਉਨ੍ਹਾਂ ਦੇ ਅੰਦਰ ਇੱਕ ਅਜਿਹੀ ਸ਼ਕਤੀ ਪੈਦਾ ਕਰ ਦਿੱਤੀ, ਕਿ ਉਸ ਅੱਗੇ ਅਨਿਆਂ ਅਤੇ ਅਨਰਥ ਦਾ ਸਿਰ ਝੁਕਣ ਲੱਗ ਪਿਆ, ਸੁੱਤੀਆਂ ਤਾਕਤਾਂ ਜਾਗ ਪਈਆਂ। ਹੱਕ ਅਤੇ ਇਨਸਾਫ ਵਿੱਚ ਵਿਸ਼ਵਾਸ ਰੱਖਣ ਵਾਲੇ ਇਸ ਦ੍ਰਿੜ ਨਿਸ਼ਵੇ ਨੂੰ ਲੈ ਕੇ ਅੱਗੇ ਵਧਣ ਲੱਗ ਪਏ।"

ਇਸ ਤਰ੍ਹਾਂ ਅਸੀਂ ਇਸ ਸਿੱਟੇ 'ਤੇ ਪੁੱਜਦੇ ਹਾਂ ਕਿ ਸਿੱਖ ਸ਼ਖ਼ਸੀਅਤ ਦੀ ਘਾੜਤ ਦਾ ਆਰੰਭ ਗੁਰੂ ਨਾਨਕ ਦੇਵ ਜੀ ਵੱਲੋਂ ਕੀਤਾ ਗਿਆ ਅਤੇ ਇਸ ਦਾ ਅੰਤਮ ਰੂਪ ਵਜੋਂ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਸੰਪੰਨ ਕੀਤਾ ਗਿਆ ਜਿਸਦੇ ਸੰਪੂਰਨ ਸਰੂਪ ਦੇ ਲਖਾਇਕ ਪੰਜ ਪਿਆਰੇ ਹਨ, ਜਿਨ੍ਹਾਂ ਨੂੰ ਭਗਤੀ ਤੇ ਸ਼ਕਤੀ ਦੇ ਸੁਮੇਲ ਵਜੋਂ ਸੰਤ ਤੋਂ ਸਿਪਾਹੀ ਬਣਾ ਕੇ ਖਾਲਸਾ ਦਾ ਨਾਂ ਦਿੱਤਾ ਗਿਆ।

ਸਮਕਾਲੀ ਸਮਾਜਿਕ, ਧਾਰਮਿਕ ਤੇ ਰਾਜਨੀਤਕ ਸਥਿਤੀ ਦੇ ਸੰਦਰਭ ਵਿੱਚ ਖਾਲਸੇ ਦੀ ਸਾਜਨਾ ਗਿਆਨ ਦੀ ਸੂਖਮਤਾ ਤੇ ਯੁੱਧਬੀਰਤਾ ਦੇ ਸੁਮੇਲ ਵਜੋਂ ਹੋਈ, ਜਿਸ ਦੀ ਸੰਪੂਰਨਤਾ ਲਈ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਜਨਮ ਲੈਣ ਦਾ ਮੰਤਵ ਇਉਂ ਦਰਸਾਇਆ ਹੈ:

**ਯਹੀ ਕਾਜ ਧਰਾ ਹਮ ਜਨਮੰ॥ ਸਮਝ ਲੇਹੁ ਸਾਧੂ ਸਭ ਮਨਮੰ॥**
**ਧਰਮ ਜਲਾਵਨ ਸੰਤ ਉਭਾਰਨ॥ ਦੁਸ਼ਨ ਸਭਨ ਕੋ ਮੂਲ ਉਪਾਰਨ॥**

ਗੁਰੂ ਗੋਬਿੰਦ ਦੇ ਸਮੇਂ, ਖਾਸ ਕਰਕੇ ਗੁਰੂ ਨਾਨਕ ਦੇਵ ਜੀ ਦੇ ਸਮੇਂ, ਤੱਕ ਭਗਤੀ ਲਹਿਰ ਆਪਣੇ ਪੂਰੇ ਜੋਬਨ 'ਤੇ ਸੀ ਜਿਸ ਵਿੱਚ ਭਗਤੀ ਸੀ, ਗਿਆਨ ਸੀ ਪਰ ਦੁਸ਼ਟਾਂ ਦੋਖੀਆਂ ਨੂੰ ਮਾਰ ਕੇ ਪਛਾੜਨ ਵਾਲੀ ਸਮਰੱਥਾ ਨਹੀਂ ਸੀ। ਜਿਸ ਕਰਕੇ ਗੁਰੂ ਜੀ ਨੇ ਜਿੱਥੇ ਸਿੱਖਾਂ ਨੂੰ ਧਰਮ ਚਲਾਉਣ ਤੇ ਸੰਤਾਂ ਦੀ ਰੱਖਿਆ ਕਰਨ ਦਾ ਉਪਦੇਸ਼ ਦਿੱਤਾ, ਉਥੇ ਉਨ੍ਹਾਂ ਦੁਸ਼ਟਾਂ ਦੋਖੀਆਂ ਦੇ ਖ਼ਾਤਮੇ ਲਈ ਤਤਪਰ ਰਹਿਣ ਦਾ ਉਪਦੇਸ਼ ਵੀ ਦਿੱਤਾ,

**ਜਹਾਂ ਤਹਾਂ ਤੁਮ ਧਰਮ ਬਿਥਾਰੋ॥ ਦੁਸ਼ਟ ਦੋਖੀਅਨ ਪਕਰਿ ਪਛਾਰੋ॥**

ਗੁਰੂ ਜੀ ਨੇ ਇਹ ਉਪਦੇਸ਼ ਕਿਸੇ ਭਾਵੁਕਤਾ ਅਧੀਨ ਜਾਂ ਤਤਪਰਤਾ ਵਜੋਂ ਨਹੀਂ ਸਗੋਂ ਬਹੁਤ ਸੋਚ ਵਿਚਾਰ ਕੇ ਪ੍ਰਭੂ ਸਿਮਰਨ ਵਿਚ ਲੀਨ ਰਹਿੰਦਿਆਂ ਚਿਤ ਵਿਚ ਧਰਮ ਯੁੱਧ ਦੀ ਇੱਛਾ ਰੱਖਦਿਆਂ ਸਭ ਕਲੁਝ ਗਿਆਨ ਅਤੇ ਵਿਵੇਕ ਦਾ ਪੱਲਾ ਫੜਕੇ ਕਰਨ ਲਈ ਆਖਿਆ,

**ਧੰਨ ਜੀਓ ਤਿਹਕੋ ਜਹ ਮੈ, ਮੁਖ ਤੇ ਹਰਿ ਚਿਤ ਮੈ ਜੁਧ ਵਿਚਾਰੈ।**
**ਦੇਹ ਅਨਿੱਤ ਨ ਨਿੱਤ ਰਹੈ, ਜਸੁ ਨਾਵ ਚੜ੍ਹੈ ਭਵ ਸਾਗਰ ਤਾਰੈ।**
**ਧੀਰਜ ਧਾਮ ਬਨਾਇ ਇਹੈ ਤਨ, ਬਨਿ ਸੁ ਦੀਪਕ ਜਿਉ ਉਜਿਆਰੈ।**
**ਗਿਆਨਹਿ ਕੀ ਬਢਨੀ ਮਨਹੁ, ਹਾਥੁ ਲੈ ਕਾਤਰਤਾ ਕੁਤਵਾਰ ਬੁਹਾਰੈ।**

ਧਰਮ ਕੇਵਲ ਰਸਮ, ਰਿਵਾਜ਼ ਦੀ ਸਰੀਰਕ ਪਾਬੰਦੀ ਦਾ ਨਾਂ ਨਹੀਂ ਸਗੋਂ ਧਰਮ ਚਲਦੇ ਫਿਰਦੇ ਪ੍ਰਾਣੀ ਸਰੀਰ ਦੇ ਅੰਦਰ ਵਿਅਕਤਿਤਵ (ਸ਼ਖ਼ਸੀਅਤ) ਦੀ ਘਾੜਤ ਦਾ ਇਕ ਸਫਲ ਤੇ ਲਾਭਦਾਇਕ ਮਾਧਿਅਮ ਹੈ, ਜਿਹੜਾ ਮਾਨਵ ਅੰਦਰਲੀ ਸੰਚਾਲਕ ਸ਼ਕਤੀ ਦੇ ਗੌਰਵਮਈ ਮਾਧਿਅਮ ਵਜੋਂ ਕਾਰਜਸ਼ੀਲ ਹੁੰਦਾ ਹੈ। ਪੰਜ ਪਿਆਰਿਆਂ ਅੰਦਰ ਜਿਹੜੀ ਸੰਚਾਲਕ ਸ਼ਕਤੀ ਪ੍ਰਜਵਲਤ ਹੋਈ, ਉਹ ਗੁਰੂ ਗੋਬਿੰਦ ਸਿੰਘ ਜੀ ਦੀ ਨਜ਼ਰ ਨੇ ਪੈਦਾ ਕੀਤੀ। ਇਸ ਤਰ੍ਹਾਂ ਪੰਜ ਪਿਆਰੇ ਮਨ ਤੇ ਤਨ ਕਰਕੇ ਜਨ ਸਾਧਾਰਨ ਤੋਂ ਵਿਲੱਖਣ ਤੇ ਵਿਸ਼ੇਸ਼ ਸ਼ਖ਼ਸੀਅਤ ਵਜੋਂ ਸਮਾਜ ਦੇ ਸਾਹਮਣੇ ਆਏ ਜਿਨ੍ਹਾਂ ਨੂੰ ਆਮ ਪ੍ਰਚੱਲਤ ਰੀਤ ਤੋਂ ਵੱਖਰਾ ਲਿਬਾਸ ਵੀ ਪ੍ਰਦਾਨ ਕੀਤਾ ਗਿਆ।

ਗੁਰੂ ਨਦਰ ਇਕ ਨਵਾਂ ਅੰਤਰੀਵੀ ਵਿਅਕਤਿਤਵ ਪੈਦਾ ਕਰ ਰਹੀ ਸੀ। ਭਾਈ ਦਇਆ ਸਿੰਘ ਤਾਂ ਪਹਿਲਾਂ ਹੀ ਸੀ ਪਰ ਗੁਰੂ ਨਦਰ ਨੇ ਉਸ ਅੰਦਰ ਇਕ ਨਵਾਂ ਅੰਤਰੀਵੀ ਵਿਅਕਤੀ (New Inner Man) ਪੈਦਾ ਕਰ ਦਿੱਤਾ। ਇਹ ਹੀ ਖਾਲਸਾ ਹੈ। ਗੱਲ ਨੂੰ ਸਪੱਸ਼ਟ ਕਰਨ ਲਈ ਨਿਮਨ ਉਦਾਹਰਣਾਂ ਨਾਲ ਸਮਝਿਆ ਜਾ ਸਕਦਾ ਹੈ। ਸੂਰਜ ਦੀਆਂ ਕਿਰਨਾਂ ਸਦੀਆਂ ਤੱਕ ਚਮਕਦੀਆਂ ਅਤੇ ਲਗਾਤਾਰ ਪਹਾੜਾਂ ਦੇ ਪੱਥਰਾਂ ਉਪਰ ਪੈਂਦੀਆਂ ਰਹਿੰਦੀਆਂ ਹਨ ਪਰ ਵਿਸ਼ਾਲ ਤੇ ਉਚੇਰੇ ਪਹਾੜਾਂ ਦੀਆਂ ਡੂੰਘਾਈਆਂ ਵਿਚ ਪਏ ਕਿਸੇ ਇਕ ਪੱਥਰ ਖੰਡ ਵਿੱਚ ਉਨ੍ਹਾਂ ਨੂੰ ਜ਼ਜ਼ਬ ਕਰਨ ਦੀ ਸ਼ਮਰੱਥਾ ਹੁੰਦੀ ਹੈ। ਮਣਾ-ਮੂਹੀ ਪੱਥਰਾਂ ਦੇ ਬਾਵਜੂਦ ਉਹ ਹੀਰਾ ਬਣ ਜਾਂਦਾ ਹੈ, ਜਿਸ ਵਿੱਚ ਚਮਕ ਤੇ ਅਟੁੱਟਤਾ ਪੈਦਾ ਹੋ ਜਾਂਦੀ ਹੈ। ਭਾਈ ਵੀਰ ਸਿੰਘ ਨੇ ਆਪਣੀ ਇੱਕ ਕਵਿਤਾ ਪੱਥਰ-ਸ਼ੀਸ਼ਾ-ਹੀਰਾ ਵਿੱਚ ਸਿੱਖ ਸ਼ਖ਼ਸੀਅਤ ਦੇ ਇਸ ਪ੍ਰਕਾਸ਼ਮਈ ਸਰੂਪ ਅਤੇ ਅਟੁੱਟਤਾ ਵਾਲੇ ਗੁਣਾਂ ਅਰਥਾਤ ਗਿਆਨ ਅਤੇ ਕਰਮ ਪ੍ਰਚੰਡਤਾ ਦੇ ਮਹੱਤਵ ਨੂੰ ਸਵੀਕਾਰ ਕੀਤਾ ਹੈ। ਭਾਈ ਦਯਾ ਸਿੰਘ ਅਤੇ ਬਾਕੀ ਚਾਰ ਸਿੰਘਾਂ (ਭਾਈ ਧਰਮ ਸਿੰਘ, ਭਾਈ ਮੁਹਕਮ ਸਿੰਘ, ਭਾਈ ਸਾਹਿਬ ਸਿੰਘ, ਭਾਈ ਹਿੰਮਤ ਸਿੰਘ) ਦੀਆਂ ਆਤਮਾਵਾਂ ਵਿੱਚ, ਪਹਾੜ ਦੀ ਕਿਸੇ ਡੂੰਘੀ ਖੱਡ ਵਿੱਚ ਪਏ ਪੱਥਰ ਵਾਂਗ, ਬਾਣੀ ਦੇ ਸੰਦੇਸ਼ ਦੁਆਰਾ ਗੁਰੂ ਨਜ਼ਰ ਨੂੰ ਜ਼ਜ਼ਬ ਕਰਨ ਦੀ ਸਮਰੱਥਾ ਤਾਂ ਪੈਦਾ ਹੋ ਚੁੱਕੀ ਸੀ, ਪਰ ਲੋੜ ਸੀ ਉਸ ਦੀ ਪਰਖ ਕਰਨ ਦੀ ਜਿਸ ਨੂੰ ਗੁਰੂ ਦੀ ਨਜ਼ਰ ਨੇ ਪਹਿਚਾਣਿਆ ਤੇ ਉਨ੍ਹਾਂ ਦੇ ਸਾਧਾਰਨ ਸਰੀਰਾਂ ਵਿੱਚ ਜ਼ਜ਼ਬ ਹੋ ਕੇ ਦਯਾ ਰਾਮ ਤੋਂ ਦਯਾ ਸਿੰਘ, ਧਰਮ ਚੰਦ ਤੋਂ ਧਰਮ ਸਿੰਘ,



ਮੁਹਕਮ ਚੰਦ ਤੋਂ ਮੁਹਕਮ ਸਿੰਘ, ਸਾਹਿਬ ਚੰਦ ਤੋਂ ਸਾਹਿਬ ਸਿੰਘ ਅਤੇ ਹਿੰਮਤ ਰਾਮ ਤੋਂ ਹਿੰਮਤ ਸਿੰਘ ਬਣਾ ਦਿੱਤਾ ਅਤੇ ਛਾਤੀ ਨਾਲ ਲਾਇਆ ਤੇ ਪਿਆਰਾ ਕਹਿ ਕੇ ਸੰਬੋਧਨ ਕੀਤਾ ਅਤੇ ਖਾਲਸਾ ਪੰਥ ਦੀ ਨਿਉਂ ਰੱਖੀ।

ਇਸ ਤਰ੍ਹਾਂ ਪੰਜ ਪਿਆਰੇ ਜੀਵਤ ਅਤੇ ਕਿਰਿਆਸ਼ੀਲ ਉਦਾਹਰਣ ਦਾ ਦਰਜਾ ਰਖਦੇ ਹਨ, ਜਿਹੜੇ ਇਕ ਬਲਵਾਨ ਸ਼ਖ਼ਸੀਅਤ ਵਜੋਂ ਪੰਥ ਦੇ ਮੋਢੀਆਂ/ ਆਗੂਆਂ ਵਜੋਂ ਸੰਸਾਰ ਦੇ ਸਾਹਮਣੇ ਆਏ, ਕਿਉਂਕਿ ਇੱਕ ਬਲਵਾਨ ਸ਼ਖ਼ਸੀਅਤ ਵਿੱਚ ਇਹ ਸਮਰੱਥਾ ਹੁੰਦੀ ਹੈ ਕਿ ਉਹ ਕੋਈ ਵੀ ਤਤਪਰ ਫੈਸਲਾ ਲੈਣ ਦੇ ਸਮਰੱਥ ਹੁੰਦੀ ਹੈ। ਠੀਕ ਇਹੋ ਕੁਝ ਪੰਜ ਪਿਆਰਿਆਂ ਵਿੱਚ ਸੰਵੇਦਨਾ ਤੇ ਸੋਚ ਸ਼ਕਤੀ ਸੀ ਕਿ ਉਹ ਕਿਸੇ ਵੀ ਗੰਭੀਰ ਇਤਿਹਾਸਕ ਸੰਦਰਭ ਵਿੱਚ ਤਤਕਾਲੀਨ ਫੈਸਲਾ ਕਰਕੇ ਅਮਲ ਕਰਨ ਦੇ ਯੋਗ ਸਨ ਜਿਵੇਂ ਕਿ ਉਹ ਸੀਸ ਭੇਂਟ ਕਰਨ ਲਈ ਫੈਸਲਾ ਕਰਦੇ ਹਨ।

ਸਮਾਜ ਨੂੰ ਪ੍ਰਚਲਤ ਕਰਮਕਾਂਡੀ ਰਸਮਾਂ-ਰਿਵਾਜ਼ਾਂ ਦੀ ਜਿਲ੍ਹਣ ਵਿਚੋਂ ਕੱਢਣ ਲਈ ਗੁਰੂ ਨਾਨਕ ਦੇਵ ਜੀ ਨੇ ਇੱਕ ਯੋਜਨਾ ਜਾਂ ਰੂਪ ਰੇਖਾ ਪ੍ਰਦਾਨ ਕੀਤੀ ਜਿਸ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਸੰਪੂਰਨਤਾ ਬਖਸ਼ੀ (Guru Nanak Provided an Idea and Guru Gobind Singh Provided an order) ਗੁਰੂ ਜੀ ਨੇ ਅਖੌਤੀ ਨੀਵੀਆਂ ਜਾਤਾਂ ਵਿੱਚੋਂ ਪੰਜਾਂ ਦੀ ਚੋਣ ਕਰਕੇ ਸਭ ਦੀ ਕੁਲ, ਜਾਤੀ, ਕਿਰਤ, ਕਰਮ ਤੇ ਧਰਮ ਪਰਿਵਰਤਿਤ ਕਰਕੇ ਇੱਕ ਨਵੀਨ ਪ੍ਰੰਪਰਾ ਦਾ ਪ੍ਰਾਰੰਭ ਕੀਤਾ।

## ਕੁਲ ਪਰਿਵਰਤਨ

ਉਂਝ ਤਾਂ ਮਨੁੱਖ ਆਪਣੇ ਅਤੀਤ ਨਾਲ ਜੁੜਿਆ ਹੁੰਦਾ ਹੈ ਪਰ ਕਈ ਵਾਰ ਅਜਿਹੀਆਂ ਵੰਗਾਰਾਂ ਉਭਰਦੀਆਂ ਹਨ ਜਿਨ੍ਹਾਂ ਨੂੰ ਮੁਕਾਬਲੇ ਲਈ ਨਵੀਨ ਪ੍ਰਬੰਧ ਜ਼ਰੂਰੀ ਹੋ ਜਾਂਦਾ ਹੈ ਅਤੇ ਭੂਤ ਕਾਲ ਦੀ ਪ੍ਰਚਲਤ ਕਿਸੇ ਵੀ ਅਵਸਥਾ ਦਾ ਨਿਰਾਕਰਨ ਜ਼ਰੂਰੀ ਹੋ ਜਾਂਦਾ ਹੈ। ਗੁਰਮਤਿ ਨੇ ਵਰਣ ਆਸ਼ਰਮ ਨੂੰ ਛੱਡ ਕੇ (ਨਕਾਰ ਕੇ) ਸੁਤੰਤਰਤਾ, ਸਮਾਨਤਾ ਅਤੇ ਸਵੈਮਾਨ ਦਾ ਇੱਕ ਸੁਨਹਿਰੀ ਅਸੂਲ ਪੇਸ਼ ਕੀਤਾ ਜਿਸ ਨੂੰ ਸਾਕਾਰ ਕਰਨ ਲਈ ਭੂਤ ਦੀਆਂ ਸਾਰੀਆਂ ਗ਼ੈਰ-ਜ਼ਰੂਰੀ ਕਦਰਾਂ-ਕੀਮਤਾਂ ਨੂੰ ਖ਼ਤਮ ਕਰਨਾ ਜ਼ਰੂਰੀ ਸੀ। ਕੁਲ ਪਵਿਰਤਨ ਜਿਥੇ ਭੂਤ ਦੀ ਅਨੁਚਿਤ ਰੀਤ ਦੇ ਖ਼ਾਤਮੇ (ਨਾਸ਼) ਦਾ ਪ੍ਰਤੀਕ ਸੀ, ਉਥੇ ਸਮਤਾ, ਬਰਾਬਰੀ ਤੇ ਭਰਾਤਰੀ ਭਾਵ ਦੇ ਸਿਧਾਂਤ ਦੀ ਸਥਾਪਨਾ ਦਾ ਇੱਕ ਸਫਲ ਯਤਨ ਸੀ। ਵਰਣਆਸ਼ਰਮ ਸਦੀਵੀ ਗੁਲਾਮੀ ਸੀ, ਜਿਸਨੂੰ ਮਾਨਵ ਸਦੀਆਂ ਤੋਂ ਸਹਿਣ ਕਰਦਾ ਚਲਿਆ ਆ ਰਿਹਾ ਸੀ। ਕੁਲ ਪਰਿਵਰਤਨ ਦਾ ਵਿਚਾਰ ਬਿੰਦੂ ਇਹ ਵੀ ਸਪੱਸ਼ਟ ਕਰਦਾ ਹੈ ਕਿ ਕੀ ਪੰਜਾਂ ਪਿਆਰਿਆਂ ਦੀ ਤਿਆਰੀ ਵਾਸਤਵ ਵਿਚ ਇਨਸਾਨ-ਇਨਸਾਨ ਵਿਚਕਾਰ ਸਮਾਨਤਾ ਨੂੰ ਨਿੱਤ ਵਰਤੀਂਦੀ ਹਕੀਕਤ ਵਿੱਚ ਰੂਪਮਾਨ ਕਰਨ ਦਾ ਯਤਨ ਸੀ। ਪੰਜ ਪਿਆਰੇ ਵੱਖ-ਵੱਖ ਜਾਤਾਂ, ਕੁਲਾਂ ਤੇ ਥਾਵਾਂ ਤੋਂ ਸਨ। ਸ੍ਰੇਸ਼ਠ ਸਮਾਜ ਦੀ ਉਸਾਰੀ ਤਾਂ ਹੀ ਸੰਭਵ ਹੈ ਜੇਕਰ ਸਮਾਜਿਕ ਇਕਾਈਆਂ ਅਰਥਾਤ ਮਾਨਵ ਪ੍ਰਾਣੀਆਂ ਵਿੱਚ ਸ੍ਰੇਸ਼ਠ ਅਤੇ ਨੀਚ ਦੀ ਪਿਤਾ-ਪੁਰਖੀ ਦਰਜੇਬੰਦੀ ਨਾ ਹੋਵੇ। ਜੇਕਰ ਪੰਜਾਂ ਪਿਆਰਿਆਂ ਦੇ ਜੀਵਨ ਵੱਲ ਝਾਤ ਮਾਰੀ ਜਾਏ ਤਾਂ ਸਪੱਸ਼ਟ ਹੈ ਕਿ ਉਹ ਸਾਰੇ ਦੇ ਸਾਰੇ ਅਖੌਤੀ ਨੀਵੀਆਂ ਸ਼੍ਰੇਣੀਆਂ ਵਿੱਚੋਂ ਸਨ ਜਿਨ੍ਹਾਂ ਦੇ ਪੂਰਬਲੇ ਸਾਰੇ ਕਰਮਾਂ ਧਰਮਾਂ ਦਾ ਪਰਿਵਰਤਨ ਕਰਕੇ ਉਨ੍ਹਾਂ ਨੂੰ ਇੱਕ ਹੀ ਸ੍ਰੇਸ਼ਠ ਸਮਾਜ ਦੇ ਮੁਖੀਆਂ ਵਜੋਂ ਸੰਸਾਰ ਦੇ ਸਾਹਮਣੇ ਪੇਸ਼ ਕੀਤਾ ਗਿਆ। ਉਨ੍ਹਾਂ ਦੇ ਕੁਲ ਪਰਿਵਰਤਨ ਵਾਂਗ ਹੀ ਉਨ੍ਹਾਂ ਦੀ ਕਿਰਤ ਜਿਹੜੀ ਕਿ ਉਹ ਪਿਤਾ ਪੁਰਖੀ ਧੰਦੇ ਵਜੋਂ ਸਦੀਆਂ ਤੋਂ ਕਿਸੇ ਖਾਸ ਨਿਸਚੇ ਅਨੁਸਾਰ ਸੰਸ਼ਕਾਰਾਂ ਵਿੱਚ ਕਰਨ ਵਾਲੇ ਪਰਿਵਾਰਾਂ ਵਿੱਚ ਜਨਮੇ ਹੋਣ ਕਰਕੇ ਕਰਦੇ ਆ ਰਹੇ ਸਨ ਪਰ ਗੁਰੂ ਦੀ ਪਵਿੱਤਰ ਨਦਰ ਦਾ

ਸਦਕਾ ਜਿਸ ਦਿਨ ਉਨ੍ਹਾਂ ਨੇ ਆਪਣੇ ਆਪੇ ਨੂੰ ਗੁਰੂ ਦੇ ਅੱਗੇ ਸੀਸ ਭੇਟ ਕਰਨ ਲਈ ਅਰਪਨ ਕਰ ਦਿੱਤਾ। ਉਸ ਦਿਨ ਤੋਂ ਉਨ੍ਹਾਂ ਦੇ ਇਹ ਸਾਰੇ ਪੂਰਬਲੇ ਸੰਸਕਾਰਾਂ ਦਾ ਪਰਿਵਰਤਨ ਕਰਕੇ ਉਨ੍ਹਾਂ ਦਾ ਜੀਵਨ ਸਤਰ ਹੀ ਬਦਲ ਕੇ ਰੱਖ ਦਿੱਤਾ ਅਤੇ ਉਨ੍ਹਾਂ ਨੂੰ ਇਹ ਦ੍ਰਿੜ ਕਰਵਾ ਦਿੱਤਾ ਕਿ ਇਨਸਾਨ ਉਸ ਅਕਾਲ ਪੁਰਖ ਵੱਲੋਂ ਇੱਕੋ ਜਿਹੇ ਪੈਦਾ ਕੀਤੇ ਹੋਏ ਹਨ ਤੇ ਇਹ ਸਮਾਜਕ ਦਰਜੇਬੰਦੀਆਂ ਚਤੁਰ ਬੁੱਧ ਦੀ ਕਾਢ ਹਨ। ਸਾਰੇ ਇਨਸਾਨ ਉਸ ਅਕਾਲ ਪੁਰਖ ਦੀ ਸੰਤਾਨ ਹਨ। ਕੋਈ ਉਚਾ ਜਾਂ ਨੀਵਾਂ ਨਹੀਂ। ਇਸ ਪ੍ਰਥਾਇ ਗੁਰਬਾਣੀ ਦਾ ਸਪੱਸ਼ਟ ਫੁਰਮਾਨ ਹੈ :

**ਏਕੁ ਪਿਤਾ ਏਕਸ ਕੇ ਹਮ ਬਾਰਿਕ ਤੂ ਮੇਰਾ ਗੁਰ ਹਾਈ॥** (ਅੰਗ ੬੧੧)

### ਕਿਰਤ ਪਰਿਵਰਤਨ

ਗੁਰੂ ਜੀ ਨੇ ਸਪੱਸ਼ਟ ਸਮਝਾਇਆ ਕਿ ਜਦੋਂ ਮਨੁੱਖ ਉਸ ਅਕਾਲ ਪੁਰਖ ਦੀ ਪੈਦਾਇਸ਼ ਹੈ ਫੇਰ ਇਹ ਕਿਵੇਂ ਵੀ ਸੰਭਵ ਨਹੀਂ, ਉਹ ਪਿਤਾ-ਪੁਰਖੀ ਕਿੱਤੇ ਲਈ ਹੀ ਨਿਹਤ ਰਹੇ। ਖਾਲਸਾ ਕੋਈ ਵੀ ਕਾਰਜ ਕਰ ਸਕਦਾ ਹੈ ਅਤੇ ਇਹ ਵੀ ਦ੍ਰਿੜ ਕਰਵਾਇਆ ਕਿ ਕਿਰਤ ਕਰਨਾ ਇਨਸਾਨ ਦੀ ਇੱਛਾ ਉਪਰ ਨਿਰਭਰ ਕਰਦਾ ਹੈ। ਕਿਰਤ ਕਰਨਾ ਤੇ ਵੰਡ ਛਕਣਾ ਮਨੁੱਖ ਦਾ ਪਰਮ ਧਰਮ ਹੈ।

### ਜ਼ਾਤ ਪਰਿਵਰਤਨ

ਖਾਲਸੇ ਦੀ ਸਾਜਨਾ ਕਰਕੇ ਇਹ ਦ੍ਰਿੜ ਕਰਵਾ ਦਿੱਤਾ ਕਿ ਜ਼ਾਤ ਪਾਤ ਦਾ ਕੋਈ ਅਰਥ ਨਹੀਂ। ਸਾਰੇ ਮਨੁੱਖਾਂ ਦੀ ਜ਼ਾਤ ਇੱਕ ਹੈ। "**ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ॥**"

### ਕਰਮ ਪਰਿਵਰਤਨ

ਗੁਰੂ ਜੀ ਨੇ ਪੰਜਾਂ ਪਿਆਰਿਆਂ ਨੂੰ ਖੰਡੇ ਬਾਟੇ ਦਾ ਅੰਮ੍ਰਿਤ ਪਾਨ ਕਰਵਾ ਕੇ ਤੇ ਪੂਰਨ ਵਿਧੀ ਅਨੁਸਾਰ ਜੀਵਨ ਜਾਂਚ ਸਮਝਾ ਕੇ ਉਨ੍ਹਾਂ ਦੀ ਮਾਨਸਿਕਤਾ ਨੂੰ ਬਦਲ ਕੇ ਰੱਖ ਦਿੱਤਾ ਤੇ ਇਹ ਵੀ ਦ੍ਰਿੜ ਕਰਵਾ ਦਿੱਤਾ ਕਿ ਅੱਜ ਤੋਂ ਖਾਲਸੇ ਨੇ ਕੋਈ ਪ੍ਰੰਪਰਾਈ ਕਰਮ ਨਹੀਂ ਕਰਨੇ ਸਗੋਂ ਗੁਰੂ ਆਸ਼ੇ ਅਨੁਸਾਰ ਨੈਤਿਕ ਗੁਣਾਂ ਦਾ ਪਾਲਨ ਕਰਨਾ ਹੈ।

### ਧਰਮ ਨਾਮ

ਪੰਜ ਪਿਆਰਿਆਂ ਨੂੰ ਅੰਮ੍ਰਿਤ ਪਾਨ ਕਰਵਾ ਕੇ ਉਨ੍ਹਾਂ ਦੇ ਪੁਰਾਣੇ ਧਾਰਮਿਕ ਵਿਸ਼ਵਾਸ ਨੂੰ ਪਰਿਵਰਤਿਤ ਕਰਕੇ ਗੁਰਮਤਿ ਦੇ ਧਾਰਨੀ ਬਣਾ ਦਿੱਤਾ।

ਇਸ ਤਰ੍ਹਾਂ ਗੁਰੂ ਜੀ ਨੇ ਕੁਲ, ਜ਼ਾਤੀ, ਕਿਰਤ, ਕਰਮ ਤੇ ਧਰਮ ਪਰਿਵਰਤਨ ਨਾਲ ਖਾਲਸਾ ਪੰਜ ਪਿਆਰਿਆਂ ਦੇ ਰੂਪ ਵਿੱਚ ਸਦੀਵੀ ਅਮਲ ਵਜੋਂ ਪੰਥ ਦੀ ਵਿਰਾਸਤ ਬਣ ਗਿਆ ਤੇ ਪੰਜ ਪਿਆਰੇ ਉਸ ਵਿਰਾਸਤ ਦੀ ਵਰਤੋਂ ਦੇ ਅਲੰਬਰਦਾਰ ਵਜੋਂ ਪੰਥ ਦਾ ਸਦੀਵੀ ਅੰਗ ਤੇ ਪੰਚਾਇਤੀ ਰਾਜ ਦੇ ਮੋਢੀ ਵਜੋਂ ਸਿੱਖ ਕੀਮਤਾਂ ਵਿੱਚ ਵਿਅਕਤੀਗਤ ਫੈਸਲੇ ਦੇ ਟਾਕਰੇ ਤੇ ਪੰਚਾਇਤੀ ਫੈਸਲੇ ਨੂੰ ਤਰਜੀਹ ਦਿੱਤੀ ਗਈ ਹੈ। ਇਸ ਫੈਸਲੇ ਨੂੰ ਸਰਬ ਉਚਤਾ ਤੇ ਮਹਾਨਤਾ ਪ੍ਰਦਾਨ ਕਰਨ ਲਈ ਹੀ ਗੁਰੂ ਗੋਬਿੰਦ ਸਿੰਘ ਜੀ ਨੇ ਪੰਜ ਪਿਆਰਿਆਂ ਤੋਂ ਆਪ ਅੰਮ੍ਰਿਤਪਾਨ ਕੀਤਾ ਅਤੇ ਇਨ੍ਹਾਂ ਪੰਜਾਂ ਅੰਦਰ ਪੈਦਾ ਹੋਈ ਸ਼ਖ਼ਸੀਅਤ ਦੀ ਉਚੱਤਾ ਨੂੰ ਆਪਣਾ ਰੂਪ ਆਖ ਕੇ ਵਡਿਆਇਆ ਹੈ :

**ਖਾਲਸਾ ਮੇਰੋ ਰੂਪ ਹੈ ਖਾਸ ਖਾਲਸੇ ਮੇ ਹਉਂ ਕਰੋ ਨਿਵਾਸ॥**

ਇਸ ਤਰ੍ਹਾਂ ਪੰਜ ਪਿਆਰੇ ਗੁਰੂ ਜੋਤਿ ਅਨੁਸਾਰ ਕਾਰਜ ਕਰਨ ਦੇ ਅਧਿਕਾਰੀ ਬਣਾ ਦਿੱਤੇ



ਗਏ, ਜਿਸ ਨਾਲ ਉਨ੍ਹਾਂ ਨੂੰ ਸਮਾਜ ਵਿੱਚ ਵੀ ਉਚਤਾ ਪ੍ਰਾਪਤ ਹੋ ਗਈ। ਪੰਜ ਪਿਆਰਿਆਂ ਦੀ ਵੱਖਰੀ ਤੇ ਉਚੇਚੀ ਪਹਿਚਾਣ ਵਜੋਂ ਉਨ੍ਹਾਂ ਦਾ ਪਹਿਰਾਵਾ ਵੀ ਆਮ ਜੀਵਾਂ, ਧਰਮੀਆਂ ਤੇ ਕਿਰਤੀਆਂ ਦੇ ਪ੍ਰਚੱਲਤ ਤੇ ਪ੍ਰੰਪਰਾਈ ਪਹਿਰਾਵੇ ਤੋਂ ਵੱਖਰਾ ਕਰ ਦਿੱਤਾ ਅਤੇ ਪਹਿਲੇ ਨਾਵਾਂ ਦਾ ਨਵੀਨੀਕਰਨ ਕਰਕੇ ਖਾਲਸਾ ਦਾ ਲਕਬ ਪ੍ਰਦਾਨ ਕਰਦਿਆਂ ਖਾਲਸੇ ਦੀ ਸਾਜਨਾ ਅਕਾਲ ਪੁਰਖ ਦੀ ਇੱਛਾ ਅਨੁਸਾਰ ਹੋਈ ਦਰਸਾਈ ਹੈ, "**ਪਰਗਟਿਓ ਖਾਲਸਾ ਪਮਾਤਮ ਕੀ ਮੌਜ॥**" ਇਉਂ ਪੰਜ ਪਿਆਰੇ ਖਾਲਸਾ ਰੂਪ ਵਿੱਚ ਸਵੈ ਸਮਰੱਥ, ਸਵੈ ਨਿਰਭਰ, ਸੁਤੰਤਰ, ਸਰਵ ਸੰਪੰਨ, ਸਰਵ ਸੈਸ਼ਨ ਅਤੇ ਆਦਰਸ਼ਕ ਸਖ਼ਸ਼ੀਅਤ ਵਜੋਂ ਸਿੱਖ ਸੰਗਤਾਂ ਲਈ ਚਾਨਣ ਮੁਨਾਰੇ ਦੀ ਨਿਆਈਂ ਪਥ-ਪ੍ਰਦਰਸ਼ਕ ਬਣ ਗਏ, ਜਿਨ੍ਹਾਂ ਦੇ ਪਰਉਪਕਾਰੀ, ਕੁਰਬਾਨੀ, ਬਲੀਦਾਨ ਅਤੇ ਅਦਮਯਤਾਮਈ ਗੁਣਾਂ ਵਾਲੇ ਜੀਵਨ ਨੂੰ ਪ੍ਰੇਰਣਾ ਸ੍ਰੋਤ ਮੰਨ ਕੇ ਹਜ਼ਾਰਾਂ ਸੂਰਬੀਰਾਂ ਨੇ ਸਮੇਂ-ਸਮੇਂ ਵਿਜੈਸ਼ਾਲੀ ਸ਼ਖ਼ਸੀਅਤ ਦਾ ਪ੍ਰਦਰਸ਼ਨ ਕੀਤਾ ਹੈ ਜਿਸਨੂੰ ਇਤਿਹਾਸ ਦੇ ਪੰਨਿਆਂ ਨੇ ਸੰਭਾਲਿਆ ਹੋਇਆ ਹੈ।

ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ ਜੋਤਿ ਸਮਾਉਣ ਤੋਂ ਪਿੱਛੋਂ ਗੁਰ ਜੋਤਿ ਦੀ ਵਰੋਸਾਈ ਅਤੇ ਪੰਜ ਪਿਆਰਿਆਂ ਦੇ ਰੂਪ ਵਿੱਚ ਪ੍ਰਜਵੱਲਤ ਹੋਈ ਸ਼ਖ਼ਸੀਅਤ ਨੇ ਅੱਗੇ ਉਹ ਕਾਰਜ ਨਿਰੰਤਰ ਜਾਰੀ ਰੱਖਿਆ ਜਿਸਦੀ ਸੰਭਾਵਨਾ ਨੂੰ ਗੁਰੂ ਆਸ਼ੇ ਅਨੁਸਾਰ ਸਾਕਾਰ ਕੀਤਾ ਜਾਣਾ ਸੀ। ਪੰਜ ਪਿਆਰਿਆਂ ਨੇ ਜਿਹੜੀ ਸ਼ਕਤੀ ਬਾਣੀ ਦੇ ਮਾਧਿਅਮ ਰਾਹੀਂ ਅਤੇ ਗੁਰੂ ਛੋਹ ਰਾਹੀਂ ਗੁਰੂ ਜੋਤਿ ਤੋਂ ਪ੍ਰਾਪਤ ਕੀਤੀ ਸੀ ਉਹ ਗੁਰ ਮਰਯਾਦਾ ਅਨੁਸਾਰ ਅੰਮ੍ਰਿਤ ਸੰਚਾਰ ਦੇ ਮਾਧਿਅਮ ਰਾਹੀਂ ਅੱਗੇ ਸੰਚਾਰਿਤ ਕੀਤੀ। ਇਸ ਤਰ੍ਹਾਂ ਪੰਜ ਪਿਆਰਿਆਂ ਦੀ ਪੰਚਾਇਤ ਸਿੱਖ ਸਮਾਜ ਦੀ ਸਰਬਉੱਚ ਸੰਸਥਾ ਦਾ ਦਰਜਾ ਅਖਤਿਆਰ ਕਰ ਗਈ ਜਿਸ ਦੇ ਵਿਕਾਸ ਕਾਰਜ ਦੀ ਨਿਰੰਤਰਤਾ ਵਜੋਂ ਲੱਖਾਂ ਸ਼ਖ਼ਸੀਅਤਾਂ ਦਾ ਨਿਰਮਾਣ ਹੋਇਆ ਹੈ ਜਿਨ੍ਹਾਂ ਵਿਚ ਸਮਾਜ ਦੇ ਵੱਖ-ਵੱਖ ਖੇਤਰਾਂ ਵਿੱਚੋਂ ਅਨੇਕਾਂ ਹੀ ਸ਼ਖ਼ਸੀਅਤਾਂ ਨਿੱਖਰ ਕੇ ਸਾਹਮਣੇ ਆਈਆਂ ਹਨ। ਉਦਾਹਰਣ ਵਜੋ :

1. **ਬਾਬਾ ਬੰਦਾ ਸਿੰਘ ਜੀ ਬਹਾਦਰ** : ਪੰਜ ਪਿਆਰਿਆਂ ਤੋਂ ਅੰਮ੍ਰਿਤ ਪਾਨ ਕਰਕੇ ਜਬਰ ਤੇ ਜ਼ੁਲਮ ਦੀਆਂ ਜੜ੍ਹਾਂ ਉਖਾੜਨ ਵਾਲਾ ਵੈਰਾਗੀ ਬੰਦਾ ਸੰਸਾਰ ਦੇ ਬਹਾਦਰਾਂ ਵਿਚੋਂ ਪਹਿਲੀ ਕਤਾਰ ਵਿਚ ਗਿਣਿਆ ਜਾਣ ਵਾਲਾ ਸੂਰਬੀਰ ਹੈ। ਜਿਸਦੀ ਬਹਾਦਰੀ ਅਤੇ ਬਲੀਦਾਨ ਦੀ ਮਿਸਾਲ ਸੰਸਾਰ ਦੇ ਇਤਿਹਾਸ ਵਿੱਚ ਮਿਲਣੀ ਅਸੰਭਵ ਹੈ।
2. **ਭਾਈ ਮਨੀ ਸਿੰਘ** : ਭਾਈ ਮਨੀ ਸਿੰਘ ਅੰਦਰ ਗਿਆਨ ਦੀ ਪ੍ਰਚੰਡਤਾ ਤੇ ਸਹਿਨਸ਼ੀਲਤਾ ਵਾਲੀ ਸ਼ਖ਼ਸੀਅਤ ਹੀ ਜਲਾਦ ਨੂੰ ਬੰਦ-ਬੰਦ ਕੱਟਣ ਦੀ ਜਾਂਚ ਦੱਸ ਰਹੀ ਹੈ।
3. **ਭਾਈ ਤਾਰੂ ਸਿੰਘ** : ਸਬਰ ਤੇ ਸਿਦਕ ਦੀ ਪ੍ਰਤੱਖ ਮੂਰਤ ਵਜੋਂ ਪ੍ਰਗਟ ਹੋਈ ਸ਼ਖ਼ਸੀਅਤ ਨੇ ਸਿੱਖੀ ਦੇ ਸਰੂਪ ਅਥਵਾ ਗੁਰੂ ਦੀ ਮੋਹਰ ਦੀ ਕਾਇਮੀ ਲਈ ਖੋਪਰੀ ਲੁਹਾ ਕੇ ਦੁਨੀਆਂ ਦੇ ਸਾਹਮਣੇ ਬੇਮਿਸਾਲ ਕਾਰਨਾਮਾ ਕਰ ਵਿਖਾਇਆ।
4. **ਸ਼ਾਹਬਾਜ ਸਿੰਘ ਸੁਬੇਗ ਸਿੰਘ** : ਮੌਤ ਦੀ ਭਿਆਨਕਤਾ ਨੂੰ ਲਲਕਾਰਦਿਆਂ ਤੇ ਚਰਖੜੀ ਦੇ ਦੰਦਿਆਂ ਨੂੰ ਖੁੰਢਾ ਕਰਨ ਵਾਲੀ ਸ਼ਖ਼ਸੀਅਤ ਦੇ ਰੂਪ ਵਿੱਚ ਪਿਓ ਪੁੱਤ ਹੱਕ ਤੇ ਸੱਚ ਉਪਰ ਪਹਿਰਾ ਦੇਣ ਦੀ ਮਿਸਾਲ ਕਾਇਮ ਕਰ ਗਏ।
5. **ਬਾਬਾ ਦੀਪ ਸਿੰਘ** : ਬਾਬਾ ਦੀਪ ਸਿੰਘ ਨੇ ਆਪਣੇ ਧਰਮ ਅਸਥਾਨ ਦੀ ਪਵਿੱਤਰਤਾ ਲਈ ਜੂਝਦਿਆਂ ਸੀਸ ਤਲੀ 'ਤੇ ਧਰ ਕੇ ਸ਼ਹੀਦੀ ਪਾ ਕੇ ਗੁਰੂ ਨਾਨਕ ਦੇਵ ਜੀ ਵੱਲੋਂ ਦਰਸਾਈ ਪਿਆਰ ਖੇਡ ਨੂੰ ਸਾਕਾਰ ਕਰ ਵਿਖਾਇਆ।

**ਜਉ ਤਉ ਪ੍ਰੇਮ ਖੇਲਣ ਕਾ ਚਾਉ॥ ਸਿਰੁ ਧਰਿ ਤਲੀ ਗਲੀ ਮੇਰੀ ਆਉ॥**
**ਇਤੁ ਮਾਰਗਿ ਪੈਰੁ ਧਰੀਜੈ॥ ਸਿਰੁ ਦੀਜੈ ਕਾਣਿ ਨ ਕੀਜੈ॥** (ਅੰਗ ੧੪੧੦)

6. **ਸੁੱਖਾ ਸਿੰਘ ਮਹਿਤਾਬ ਸਿੰਘ** : ਇਨ੍ਹਾਂ ਨੇ ਆਤਮਕ ਬਲ ਦੇ ਦ੍ਰਿੜ ਨਿਸ਼ਚੇ ਸਦਕਾ ਦੁਸ਼ਮਣ ਵੱਲੋਂ ਕੀਤੀ ਵਧੀਕੀ ਦੀ ਭਾਜੀ ਮੋੜਦਿਆਂ, ਮੱਸੇ ਰੰਘੜ ਦਾ ਭਰੀ ਮਹਿਫਲ ਵਿਚ ਸਿਰ ਵੱਢ ਕੇ ਉਚੀ ਸੋਚ ਅਤੇ ਹੱਕ ਤੇ ਸੱਚ ਦੀ ਸਦੀਵੀ ਜਿੱਤ ਦਾ ਪ੍ਰਦਰਨ ਕਰ ਵਿਖਾਇਆ।

7. **ਮਹਾਰਾਜਾ ਰਣਜੀਤ ਸਿੰਘ** : ਪੰਜ ਪਿਆਰਿਆਂ ਤੋਂ ਪ੍ਰੇਰਤ ਬਹੁਪੱਖੀ ਸ਼ਖਸ਼ੀਅਤ ਵਜੋਂ ਮਹਾਰਾਜਾ ਰਣਜੀਤ ਸਿੰਘ ਦੀ ਮਿਸਾਲ ਅਦੁੱਤੀ ਹੈ। ਰਾਜ ਭਾਗ ਦਾ ਮਾਲਕ ਅਤੇ ਦੁਸ਼ਮਣਾਂ ਦੀਆਂ ਸਫਾਂ ਵਿੱਛ ਆਪਣੀ ਬਹਾਦਰੀ ਸਦਕਾ ਭਾਜੜਾਂ ਪਾਉਣ ਵਾਲਾ ਸੂਰਬੀਰ ਯੋਧਾ ਇੱਕ ਪਾਸੇ ਸੇਵਾ ਦਾ ਪੁੰਜ ਬਣਿਆ, ਇੱਕ ਝਿਉਰ ਦੇ ਘਰ ਪੰਡਾਂ ਚੁੱਕੀ ਫਿਰਦਾ ਹੈ ਤੇ ਦੂਜੇ ਪਾਸੇ ਆਪਣੀ ਧਾਰਮਿਕ ਦ੍ਰਿੜਤਾ ਦੇ ਫਲਸਰੂਪ ਗੁਰੂ ਹੁਕਮ ਦੀ ਪਾਲਣਾ ਕਰਦਿਆਂ ਕੌਮ ਦੇ ਸਰਬ-ਉਚ ਆਗੂ ਪਾਸੋਂ ਕੋਰੜੇ ਖਾਣ ਤੋਂ ਵੀ ਸੰਕੋਚ ਨਹੀਂ ਕਰਦਾ।

8. **ਜਥੇਦਾਰ ਅਕਾਲੀ ਫੂਲਾ ਸਿੰਘ** : ਇੱਕ ਅਦੁੱਤੀ ਸਖਸ਼ੀਅਤ ਵਜੋਂ ਸਿੱਖ ਸਮਾਜ ਵਿੱਚ ਵਿਚਰਦਿਆਂ ਇੱਕ ਪਾਸੇ ਕੌਮੀ ਨੇਤਾ ਦਾ ਕਰਤਵ ਪਾਲਦਿਆਂ ਮੌਕੇ ਦੇ ਹਾਕਮ ਨੂੰ ਮਰਿਯਾਦਾ ਦੀ ਉਲੰਘਣਾ ਕਰਨ ਕਰਕੇ ਕੋਰੜਿਆਂ ਦੀ ਸਜ਼ਾ ਦੇ ਰਿਹਾ ਹੈ ਤੇ ਦੂਜੇ ਪਾਸੇ ਇੱਕ ਫੌਜੀ ਜਰਨੈਲ ਦੇ ਰੂਪ ਵਿੱਚ ਉਸੇ ਹੁਕਮਰਾਨ ਦੇ ਹੁਕਮ ਅਨੁਸਾਰ ਮੈਦਾਨੇ ਜੰਗ ਵਿੱਚ ਜੂਝ ਰਿਹਾ ਹੈ।

9. **ਸ੍ਰ: ਹਰੀ ਸਿੰਘ ਨਲੂਆ** : ਸਿੱਖ ਸ਼ਖ਼ਸੀਅਤ ਦੀ ਚੜ੍ਹਦੀ ਕਲਾ ਅਤੇ ਅਦਮਯਤਾ ਸਦਕਾ ਪਠਾਣਾਂ ਵਿੱਚ ਇਕ ਹਊਏ ਦੇ ਰੂਪ ਵਿੱਚ ਜਾਣਿਆ ਜਾਂਦਾ ਹੈ।

ਇਨ੍ਹਾਂ ਇਤਿਹਾਸਕ ਹਵਾਲਿਆਂ ਤੋਂ ਬਿਨਾਂ ਵੀ ਆਖਿਆ ਜਾ ਸਕਦਾ ਹੈ ਕਿ ਅਬਦਾਲੀ ਦੀ ਮਾਰ ਤੋਂ ਪਿੱਛੋਂ ਮਰਹੱਟੇ (ਅੱਜ ਤੱਕ) ਕਦੇ ਵੀ ਨਹੀਂ ਉਠ ਸਕੇ। ਵੱਡੇ ਘੱਲੂਘਾਰੇ ਦੀ ਮਾਰ ਕੋਈ ਘੱਟ ਨਹੀਂ ਸੀ ਪਰ ਸਿੱਖ ਸਖਸ਼ੀਅਤ ਅੰਦਰਲੀ ਉਚੀ ਘਾੜਤ ਅਤੇ ਗੁਰੂ ਦੇ ਉਪਦੇਸ਼ ਦੇ ਫਲਸਰੂਪ ਸਿੰਘਾਂ ਨੇ ਦਰਿਆ ਖੈਬਰ ਤੱਕ ਜਾ ਮੱਲਾਂ ਮਾਰੀਆਂ। ਸਿੱਖਾਂ ਦੀ ਅਜਿਹੀ ਚੜ੍ਹਤ ਨੂੰ ਵੇਖ ਕੇ ਅਲਾਮਾ ਇਕਬਾਲ ਨੂੰ ਕਹਿਣਾ ਪਿਆ : **"ਮਰ ਕੇ ਜੀ ਉਠਣਾ ਫਕਤ ਮਰਦੋ ਕਾ ਹੈ ਕਾਮ"**।

ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਪੰਜ ਪਿਆਰਿਆਂ ਤੋਂ ਅੰਮ੍ਰਿਤਪਾਨ ਕਰਨ, ਸਿੱਖੀ ਸਿਦਕ, ਭਰੋਸੇ ਤੇ ਚੜ੍ਹਦੀ ਕਲਾ ਦੇ ਬੋਲੇ ਨੂੰ ਪ੍ਰਤੱਖ ਪ੍ਰਗਟਾਉਂਦਿਆਂ ਹਜ਼ਾਰਾਂ ਹੀ ਸਿੰਘਾਂ, ਬੀਬੀਆਂ ਤੇ ਮਾਈਆਂ ਨੇ ਮੀਰ ਮੰਨੂੰ ਦੀ ਜੇਲ੍ਹ ਵਿੱਚ ਭੁੱਖੇ ਤਿਹਾਏ ਰਹਿ ਕੇ ਤੇ ਅਕਹਿ ਅਤੇ ਅਸਹਿ ਤਸੀਹੇ ਝੱਲਦਿਆਂ ਚੱਕੀਆਂ ਹੀ ਨਹੀਂ ਪੀਸੀਆਂ ਸਗੋਂ ਆਪਣੇ ਨੰਨੇ-ਮੁੰਨੇ ਲਾਲਾਂ ਦੀਆਂ ਆਂਦਰਾਂ ਗਲਾਂ ਵਿੱਚ ਪੁਆ ਕੇ ਜਿਹੜੀ ਕਰਾਮਾਤੀ ਕਾਰਜਸ਼ੀਲਤਾ ਦਾ ਪ੍ਰਦਰਸ਼ਨ ਕੀਤਾ, ਉਸ ਦੀ ਮਿਸਾਲ ਦੁਨੀਆਂ ਦੇ ਇਤਿਹਾਸ ਵਿਚੋਂ ਲੱਭਣੀ ਕਠਿਨ ਹੀ ਨਹੀਂ ਸਗੋਂ ਅਸੰਭਵ ਹੈ। ਇਸ ਤੋਂ ਬਿਨਾਂ ਜਦੋਂ ਨਾਮਧਾਰੀ ਸਿੰਘ ਦੇਸ਼ ਅਤੇ ਕੌਮ ਦੀ ਆਨ ਅਤੇ ਸ਼ਾਨ ਲਈ ਹਜ਼ਾਰਾਂ ਦੀ ਗਿਣਤੀ ਵਿੱਚ ਕੁਰਬਾਨੀਆਂ ਕਰ ਰਹੇ ਸਨ ਤਾਂ ਉਸ ਸਮੇਂ ਬੇਸ਼ੱਕ ਉਹ ਸਾਰੇ ਹੀ ਪੰਜ ਪਿਆਰਿਆਂ ਵੱਲੋਂ ਪ੍ਰੇਰਿਤ ਸਿੱਖ ਸ਼ਖ਼ਸੀਅਤ ਦੀ ਉਚਤਾ ਦਾ ਪ੍ਰਦਰਸ਼ਨ ਕਰ ਰਹੇ ਸਨ, ਪਰ ਜਿਹੜੀ ਅਦੁੱਤੀ ਉਦਾਹਰਣ ਮਲੇਰਕੋਟਲੇ ਦੇ ਸਾਕੇ ਸਮੇਂ ਇਨ੍ਹਾਂ ਨਾਮਧਾਰੀ ਸੂਰਬੀਰਾਂ ਵਿੱਚ ਕੁਰਬਾਨੀ ਕਰਨ ਵਾਲੇ ਛੋਟੇ ਭੁਚੰਗੀ ਨੇ ਅੰਗਰੇਜ ਅਫਸਰ ਦੀ ਦਾਹੜੀ ਨੂੰ ਪਾ ਕੇ ਇੱਕ ਵੱਖਰੀ ਅਦਮਯਤਾ ਦੀ ਮਿਸਾਲ ਪੇਸ਼ ਕੀਤੀ, ਉਸ ਨੂੰ ਕਿਵੇਂ ਵੀ ਝੁਠਿਆਇਆ ਨਹੀਂ ਜਾ ਸਕਦਾ। ਮੁਗ਼ਲ ਸਾਮਰਾਜ ਦੀਆਂ ਵਧੀਕੀਆਂ ਦਾ ਮੂੰਹ ਤੋੜਵਾਂ ਉਤਰ ਦਿੰਦਿਆਂ ਸਿੰਘ ਸੂਰਮਿਆਂ ਨੇ ਆਪਣੀ ਜਾਨ ਅਤੇ ਸ਼ਾਨ ਨੂੰ ਬਰਕਰਾਰ ਰੱਖਦਿਆਂ ਹਿੰਦੁਸਤਾਨ ਦੇ ਇਤਿਹਾਸ ਨੂੰ ਉਸ ਵੇਲੇ ਇਕ ਨਵਾਂ ਮੋੜ ਦਿੱਤਾ ਜਦੋਂ ਅਬਦਾਲੀ ਦੀਆਂ ਫੌਜਾਂ ਤੋਂ ਸੋਮਨਾਥ ਮੰਦਰ ਦੇ ਉਤਾਰੇ ਹੋਏ ਤਖਤੇ ਖੋਹ ਕੇ ਹਰਿਮੰਦਰ ਸਾਹਿਬ ਦੀ ਡਿਉਢੀ ਅੱਗੇ ਜਾ



ਚੜ੍ਹਾਏ। ਪੰਜ ਪਿਆਰਿਆਂ ਦੇ ਸਿੱਖ ਸ਼ਖ਼ਸੀਅਤ ਦੀ ਘਾੜਤ ਵਿੱਚ ਪਾਏ ਯੋਗਦਾਨ ਦੇ ਫਲਸਰੂਪ ਸਾਰ ਰੂਪ ਵਿੱਚ ਇਹ ਆਖਿਆ ਜਾ ਸਕਦਾ ਹੈ ਕਿ :

ਖਾਲਸੇ ਨੇ ਗਿਆਨ ਅਤੇ ਕਰ, ਸੇਵਾ ਅਤੇ ਬਲੀਦਾਨ, ਭਗਤੀ ਅਤੇ ਸ਼ਕਤੀ ਦੇ ਸੁਮੇਲ ਦੇ ਆਧਾਰ 'ਤੇ ਜਿਹੜੇ ਅਤੇ ਜਿੰਨੇ ਕਾਰਨਾਮੇ ਕੀਤੇ, ਉਹ ਇੱਕ ਪਾਸੇ ਤਾਂ ਖਾਲਸੇ ਦੀ ਦ੍ਰਿੜਤਾਦੇ ਸੂਚਕ ਹਨ ਅਤੇ ਦੂਜੇ ਪਾਸੇ ਖਾਲਸੇ ਦੇ ਧਰਮ ਯੁੱਧ ਵਿੱਚ ਸਫਲਤਾ ਪ੍ਰਾਪਤੀ ਦੇ ਲਖਾਇਕ ਹਨ। ਸਿੱਖ ਇਤਿਹਾਸ ਵਿੱਚੋਂ ਇਸਦੇ ਪ੍ਰਮਾਣ ਵਜੋਂ ਇੱਕ ਨਹੀਂ, ਹਜ਼ਾਰਾਂ ਮਿਸਾਲਾਂ ਦਿੱਤੀਆਂ ਜਾ ਸਕਦੀਆਂ ਹਨ।

ਸਮੁੱਚੇ ਭਾਰਤ ਵਾਂਗ ਪੰਜਾਬ ਵਿੱਚ ਜਿਹੜੀ ਵੀ ਰਾਜ ਸ਼ਕਤੀ (ਸੱਤਾ) ਸਥਾਪਤ ਹੋਈ, ਉਸਦੀ ਅਨਿਆਈ ਅਤੇ ਅੱਤਿਆਚਾਰੀ ਨੀਤੀਆਂ ਦੇ ਵਿਰੁੱਧ ਖਾਲਸੇ ਨੇ ਜੋ ਸੰਗਰਾਮ ਕੀਤਾ ਉਸ ਵਿੱਚ ਅੰਤਮ ਜਿੱਤ ਖਾਲਸੇ ਨੂੰ ਪ੍ਰਾਪਤ ਹੋਈ, ਜਿਸ ਕਰਕੇ ਖਾਲਸੇ ਦੀ ਚੜ੍ਹਦੀ ਕਲਾ ਦਾ ਪ੍ਰਭਾਵ ਵਿਰੋਧੀਆਂ (ਦੁਸ਼ਮਣਾਂ) ਨੂੰ ਵੀ ਕਬੂਲਣਾ ਪਿਆ। ਕਾਜ਼ੀ ਨੂਰ ਮੁਹੰਮਦ (1764 ਈ:) ਬੇਸ਼ੱਖ ਸਿੱਖਾਂ ਪ੍ਰਤੀ ਈਰਖਾ ਤੇ ਕੀਨੇ ਨਾਲ ਭਰਿਆ ਪਿਆ ਸੀ ਉਹ ਸਿੱਖਾਂ ਨੂੰ ਅਪਮਾਨ ਜਨਕ ਸ਼ਬਦਾਂ ਨਾਲ ਸੰਬੋਧਨ ਕਰਦਾ ਹੋਇਆ ਵੀ ਸਿੰਘ ਸੂਰਮਿਆਂ ਦੀ ਬਹਾਦਰੀ, ਈਮਾਨਦਾਰੀ, ਦਲੇਰੀ ਤੇ ਉਚ ਇਖ਼ਲਾਕ ਦੀ ਤਾਰੀਫ਼ ਕੀਤੇ ਬਿਨਾ ਨਾ ਰਹਿ ਸਕਿਆ। ਇੱਕ ਹੋਰ ਮੁਸਲਮਾਨ ਲੇਖਕ ਮੁਹੰਮਦ ਬਸ਼ੀਰ ਹੁਸੈਨ ਆਪਣੀ ਫਾਰਸੀ ਰਚਨਾ ਅਸਰਾਰ-ਇ-ਸਮਦੀ ਵਿੱਚ ਲਿਖਦਾ ਹੈ :

**ਸਿਘਾਨ-ਏ-ਮਕਾਹੀਰ ਬਾਆਂਕਿ ਪਾਇ ਪਰ ਅਬਲਾ**
**ਵ ਦਸਤ ਖਾਲੀ ਅਜ ਜ਼ਾਦ-ਉਹ-ਰਾਹਲਾ ਦਾਸਤੰਦ**
**ਚਿ ਦਲੇਰੀਰਾ ਕਿ ਬਕਾਰ ਨਿਬਰਦੰਦ ਵ ਕੁਦਾਮ**
**ਬੇਬਾਕੀਹਾ ਕਿ ਬਤਕ਼ਦੀਮ ਨਸਰਾਨੀ ਦੰਦ**

ਭਾਵ ਸਿੰਘਾਂ ਦੇ ਪੈਰਾਂ ਵਿੱਚ ਛਾਲੇ ਸਨ। ਉਨ੍ਹਾਂ ਕੋਲ ਖੁਰਾਕ ਅਤੇ ਸਵਾਰੀ ਦਾ ਵੀ ਕੋਈ ਪ੍ਰਬੰਧ ਨਹੀ ਸੀ। ਇਸਦੇ ਬਾਵਜੂਦ ਸੂਰਮਤਾਈ ਦਾ ਉਹ ਕਿਹੜਾ ਸਰੂਪ ਹੈ, ਜਿਹੜਾ ਉਨ੍ਹਾਂ ਨੇ ਪ੍ਰਗਟ ਨਹੀਂ ਕੀਤਾ। ਪ੍ਰਸਿੱਧ ਫਿਲਾਸਫਰ ਸ਼ਾਇਰ ਸਰ ਮੁਹੰਮਦ ਇਕਬਾਲ ਆਪਣੀ ਫਾਰਸੀ ਕਾਵਿ ਰਚਨਾ 'ਜਾਵੇਦਨਾਮਾ' ਵਿੱਚ ਖਾਲਸੇ ਦੀ ਵਿਜੈਸ਼ਾਲੀ ਚੜ੍ਹਤ ਦਾ ਜ਼ਿਕਰ ਕਰਦਾ ਲਿਖਦਾ ਹੈ :

**"ਖਾਲਸਾ ਸ਼ਮਸ਼ੀਰ-ਉ-ਕੁਦਆ ਰਾ ਬਬੁਰਦ ਅੰਦਰੀਂ ਕਿਸ਼ਵਰ ਮੁਸਲਮਾਨੀ ਬ ਮੁਰਦ"**
ਭਾਵ ਖਾਲਸੇ ਦੀ ਵਿਜੈਸ਼ਾਲੀ ਚੜ੍ਹਤ ਦੇ ਸਾਹਮਣੇ ਮੁਸਲਮਾਨੀ ਰਾਜ-ਵੈਭਵ ਦੀ ਸਮਾਪਤੀ ਹੋ ਗਈ।

ਸਿੱਟੇ ਵਜੋਂ ਆਖਿਆ ਜਾ ਸਕਦਾ ਹੈ ਕਿ ਪੰਜ ਪਿਆਰਿਆਂ ਦੇ ਯੋਗਦਾਨ ਵਜੋਂ ਸਿੱਖ ਸ਼ਖ਼ਸੀਅਤ ਦਾ ਜੋ ਯਰੂਪ ਪ੍ਰਗਟ ਹੋਇਆ, ਉਸਦੀ ਦ੍ਰਿੜਤਾ, ਅਡੋਲਤਾ, ਅਦਮਾਯਤਾ ਕੁਰਬਾਨੀ, ਬਲੀਦਾਨ ਦੇ ਜਿਹੜੇ ਉਜਵਲ ਤੁ ਅਦੁੱਤੀ ਜੋਤਿ ਬਿੰਦੂ ਹਨ, ਉਨ੍ਹਾਂ ਦਾ ਸਪੱਸ਼ਟ ਸੰਕੇਤ ਅਰਦਾਸ ਵਿੱਚ ਉਪਲੱਬਧ ਹੈ, ਜਿਸਨੂੰ ਹਰ ਸ਼ਰਧਾਵਾਨ ਸਿੱਖ ਇਕੱਲੇ ਤੌਰ 'ਤੇ ਅਤੇ ਹਰ ਗੁਰਦੁਆਰੇ ਵਿੱਚ ਸੰਗਤ ਰੂਪ ਵਜੋਂ, ਨਿੱਤ ਦੁਹਰਾਉਂਦਾ ਤੇ ਯਾਦ ਕਰਦਾ ਹੈ।

✵✵✵✵✵✵

# ਮਹਾਤਮਾ ਫੀਥਾ ਗੋਰਸ

ਡਾ ਗੁਲਜ਼ਾਰ ਸਿੰਘ ਕੰਗ

*ਯੂਨਾਨੀ ਰਹੱਸਵਾਦ ਦਾ ਪ੍ਰਾਰੰਭ ਭਾਵੇਂ ਥੇਲਜ਼ ਤੋਂ ਹੁੰਦਾ ਹੈ ਪਰ ਰਹੱਸਵਾਦੀ ਚਿੰਤਨ ਵਿਚ ਆਰਫ਼ੀਅਸ ਪਹਿਲਾ ਮਹਾਤਮਾ ਸੀ ਜਿਸ ਨੇ ਆਤਮਾ ਦੀ ਗੱਲ ਖੁੱਲ੍ਹ ਕੇ ਕੀਤੀ ਅਤੇ ਇਸ ਵਿਚਾਰਧਾਰਾ ਨੂੰ ਸਥਾਪਤ ਕੀਤਾ ਕਿ ਆਤਮਾ ਮੁੜ ਜਨਮ ਲੈਂਦੀ ਹੈ। ਆਪ ਦਾ ਕਹਿਣਾ ਸੀ ਕਿ ਮਾਨਵ ਆਤਮਾ, ਉਚ-ਸੂਖਮ ਮੰਡਲ ਤੋਂ ਅਵਰੋਹਣ ਕਰਕੇ ਇਸ ਸਥੂਲ ਜਗਤ ਵਿਚ ਪ੍ਰਵੇਸ਼ ਕਰਦੀ ਹੈ। ਆਰਫ਼ੀਅਸ ਦੀ ਇਸ ਵਿਚਾਰਧਾਰਾ ਨੂੰ ਅੱਗੇ ਤੋਰਨ ਵਾਲਾ ਮਹਾਤਮਾ ਫੀਥਾਗੋਰਸ ਸੀ ਜੋ ਗਣਿਤ-ਵਿਗਿਆਨੀ ਦੇ ਰੂਪ ਵਿਚ 'ਪੈਥਾਗੋਰਸ' ਨਾਮ ਨਾਲ ਜਾਣਿਆ ਜਾਂਦਾ ਹੈ। ਆਪ ਦੇ ਵਿਅਕਤਿਤਵ ਦੀ ਵਡਿਆਈ ਅਤੇ ਬੁਲੰਦੀ ਇਕ ਗਣਿਤ-ਵਿਗਿਆਨੀ ਨਾਲੋਂ ਆਤਮਵੇਤਾ ਦੇ ਰੂਪ ਵਿਚ ਕਿਤੇ ਉਚੇਰੀ ਹੈ। ਮਹਾਤਮਾ ਫੀਥਾਗੋਰਸ ਦੇ ਮਹਾਨ ਜੀਵਨ ਬਾਰੇ ਭਰਪੂਰ ਜਾਣਕਾਰੀ ਪੇਸ਼ ਕਰ ਰਿਹਾ ਹੈ ਡਾ. ਗੁਲਜ਼ਾਰ ਸਿੰਘ ਕੰਗ ਦਾ ਇਹ ਲੇਖ –*

ਯੂਨਾਨ ਮੂਲ ਰੂਪ ਵਿਚ ਦਰਸ਼ਨ-ਸ਼ਾਸਤਰੀਆਂ ਦੀ ਭੂਮੀ ਰਿਹਾ ਹੈ। ਦਰਸ਼ਨ-ਸ਼ਾਸਤਰ ਦਾ ਜਦ ਧਰਮ ਨਾਲ ਮੇਲ ਹੁੰਦਾ ਹੈ ਤਾਂ ਇਸ ਵਿਚੋਂ ਰਹੱਸਵਾਦੀ ਅਲਾਮਤਾਂ ਉਤਪੰਮਨ ਹੁੰਦੀਆਂ ਹਨ। ਯੂਨਾਨੀ ਰਹੱਸਵਾਦ ਦਾ ਪ੍ਰਾਰੰਭ ਭਾਵੇਂ ਥੇਲਜ਼ ਤੋਂ ਹੁੰਦਾ ਹੈ ਪਰ ਰਹੱਸਵਾਦੀ ਚਿੰਤਨ ਵਿਚ ਆਰਫ਼ੀਅਸ ਪਹਿਲਾ ਮਹਾਤਮਾ ਸੀ ਜਿਸ ਨੇ ਆਤਮਾ ਦੀ ਗੱਲ ਖੁੱਲ੍ਹ ਕੇ ਕੀਤੀ ਅਤੇ ਇਸ ਵਿਚਾਰਧਾਰਾ ਨੂੰ ਸਥਾਪਤ ਕੀਤਾ ਕਿ ਆਤਮਾ ਮੁੜ ਜਨਮ ਲੈਂਦੀ ਹੈ। ਆਪ ਦਾ ਕਹਿਣਾ ਸੀ ਕਿ ਮਾਨਵ ਆਤਮਾ, ਉਚ-ਸੂਖਮ ਮੰਡਲ ਤੋਂ ਅਵਰੋਹਣ ਕਰਕੇ ਇਸ ਸਥੂਲ ਜਗਤ ਵਿਚ ਪ੍ਰਵੇਸ਼ ਕਰਦੀ ਹੈ। ਆਰਫ਼ੀਅਸ ਦੀ ਇਸ ਵਿਚਾਰਧਾਰਾ ਨੂੰ ਅੱਗੇ ਤੋਰਨ ਵਾਲਾ ਮਹਾਤਮਾ ਫੀਥਾਗੋਰਸ ਸੀ ਜੋ ਗਣਿਤ-ਵਿਗਿਆਨੀ ਦੇ ਰੂਪ ਵਿਚ 'ਪੈਥਾਗੋਰਸ' ਨਾਮ ਨਾਲ ਜਾਣਿਆ ਜਾਂਦਾ ਹੈ। ਆਪ ਦੇ ਵਿਅਕਤਿਤਵ ਦੀ ਵਡਿਆਈ ਅਤੇ ਬੁਲੰਦੀ ਇਕ ਗਣਿਤ-ਵਿਗਿਆਨੀ ਨਾਲੋਂ ਆਤਮਵੇਤਾ ਦੇ ਰੂਪ ਵਿਚ ਕਿਤੇ ਉਚੇਰੀ ਹੈ। ਗਣਿਤ-ਵਿਗਿਆਨ ਨੂੰ ਤਾਂ ਆਪ ਅਧਿਆਤਮਿਕ ਗਿਆਨ ਨੂੰ ਸਮਝਣ ਦਾ ਇਕ ਜ਼ਰੀਹਾ ਮੰਨਦੇ ਸਨ। ਇਹ ਸਾਡੀ ਬਦਕਿਸਮਤੀ ਰਹੀ ਹੈ ਕਿ ਵਿਦਵਾਨ ਆਪ ਦੇ ਆਤਮ ਗਿਆਨ ਨੂੰ ਸਮਝਣ ਦੀ ਬਜਾਇ ਆਪ ਨੂੰ ਇਕ ਗਣਿਤ-ਵਿਗਿਆਨੀ ਸਥਾਪਤ ਕਰਨੇ ਦੇ ਯਤਨ ਵਿਚ ਹੀ ਖੁਸ਼ੀ ਮਹਿਸੂਸ ਕਰਦੇ ਰਹੇ ਹਨ। ਇਸ ਤੋਂ ਪਹਿਲਾਂ ਕਿ ਆਪ ਦੇ ਅਧਿਆਤਮਿਕ ਫ਼ਲਸਫ਼ੇ ਅਤੇ ਆਤਮ-ਗਿਆਨ ਦੀ ਗੱਲ ਕਰੀਏ ਸਾਨੂੰ ਇਸ ਰੂਹ ਦੇ ਜੀਨ-ਸਮਾਚਾਰਾਂ ਬਾਰੇ ਜਾਣ ਲੈਣਾ ਜ਼ਰੂਰੀ ਹੈ।

ਮਹਾਤਮਾ ਫੀਥਾਗੋਰਸ ਦਾ ਜਨਮ 580 ਤੋਂ 570 ਈ: ਪੂਰਵ ਦੇ ਵਿਚਾਲੇ ਯੂਨਾਨ ਦੇ ਸਮੋਸ (Samos) ਨਾਮੀ ਸਥਾਨ 'ਤੇ ਹੋਇਆ। ਸਾਨੂੰ ਆਪ ਦੇ ਮਾਤਾ-ਪਿਤਾ ਅਤੇ ਮੁੱਢਲੇ ਜੀਵਨ ਬਾਰੇ ਤਾਂ ਕੁਝ ਪਤਾ ਹੀ ਨਹੀਂ ਲਗਦਾ ਪਰ ਏਨਾ ਜ਼ਰੂਰ ਹੈ ਕਿ ਆਪ ਪਹਿਲੀ ਉਮਰੇ ਹੀ ਆਪਣਾ ਵਤਨ ਛੱਡ ਕੇ ਦੱਖਣੀ ਇਟਲੀ ਦੀਆਂ ਯੂਨਾਨੀ ਬਸਤੀਆਂ ਵਿਚ ਆ ਵਸੇ ਸਨ। ਚਿੰਤਨ ਦੀ ਪ੍ਰਾਪਤੀ ਲਈ ਆਪ ਨੇ ਆਪਣੇ ਜ਼ਮਾਨੇ ਦੇ ਉਨ੍ਹਾਂ ਸਾਰੇ ਮੁਲਕਾਂ ਦਾ ਸਫ਼ਰ ਕੀਤਾ ਜੋ ਉਚੇਰੀ ਸੱਭਿਅਤਾ ਤੇ ਸੰਸਕ੍ਰਿਤੀ ਰੱਖਦੇ ਸਨ। ਆਤਮ ਗਿਆਨ ਦੀ ਖੋਜ ਵਿਚ ਹੀ ਆਪ ਘੁੰਮਦੇ-ਘੁੰਮਦੇ ਮਿਸ਼ਰ ਵਿਚ ਆ ਗਏ ਕਿਉਂਕਿ ਉਥੇ ਦੇ ਮੰਦਰਾਂ ਦੇ ਪੁਰੋਹਿਤ ਤੇ ਵਿਦਵਾਨ ਆਪਣੀ ਵਿਦਿਆ ਕਰਕੇ ਬਹੁਤ ਪ੍ਰਸਿੱਧ ਸਨ। ਇਥੋਂ ਹੀ ਆਪ ਨੇ ਅੰਕੜਾ ਵਿਗਿਆਨ ਦੀ ਸੋਝੀ ਪ੍ਰਾਪਤ ਕੀਤੀ ਤੇ ਵਿਸ਼ਵ ਵਿਚ ਗਣਿਤ-ਵਿਗਿਆਨ ਦੇ ਜਨਮਦਾਤੇ ਵਜੋਂ ਜਾਣੇ ਗਏ। ਮਿਸ਼ਰ ਵਿਚ ਘੁੰਮਦਿਆਂ ਹੀ ਫੀਥਾਗੋਰਸ ਨੇ ਇਜ਼ਰਾਈਲੀ ਅਤੇ ਜ਼ਰਤੁਸ਼ਤਰੀ ਵਿਚਾਰਧਾਰਾ ਦਾ ਪ੍ਰਭਾਵ ਕਬੂਲਿਆ ਅਤੇ ਇਸ ਚਿੰਤਨ ਵਿਚੋਂ ਹੀ ਆਪ ਨੇ ਇਹ ਸੇਧ ਲਈ ਕਿ ਆਤਮਾ ਮਨੁੱਖੀ ਸਰੀਰ ਵਿਚ ਕੈਦ ਨਹੀਂ ਅਤੇ ਨਾ ਹੀ ਆਤਮਾ ਦਾ ਅਵਰੋਹਣ ਹੈ, ਸਗੋਂ ਸਰੀਰ ਉਸਦੇ ਉਪਰ ਉਠਣ ਦਾ ਇਕ ਜ਼ਰੀਹਾ (ਸਾਧਨ) ਹੈ। ਆਪ ਨੇ ਇਸ ਵਿਚਾਰਧਾਰਾ ਨੂੰ ਸਥਾਪਤ ਕੀਤਾ ਕਿ ਮਾਨਵ ਦੈਵੀ ਗੁਣਾਂ ਨੂੰ ਧਾਰਣ ਕਰਕੇ ਉਚਤਮ ਲਕਸ਼ ਦੀ ਪ੍ਰਾਪਤੀ ਕਰ ਸਕਦਾ ਹੈ। ਇਹ ਜੀਵਨ ਸਜ਼ਾ ਨਹੀਂ, ਸਗੋਂ ਉਤਸਵ ਹੈ ਜੋ ਨਾ ਜਨਮ ਨਾਲ ਆਰੰਭ ਹੁੰਦਾ ਹੈ ਅਤੇ ਨਾ ਹੀ ਮੌਤ ਨਾਲ ਖ਼ਤਮ ਹੁੰਦਾ ਹੈ। ਆਪ ਨੇ ਮਨੁੱਖ ਦੇ ਰੂਹਾਨੀ ਰੂਪ ਵਿਚ ਸਦੀਵੀ ਹੋਣ ਦਾ ਭੇਦ ਪ੍ਰਾਪਤ ਕੀਤਾ ਅਤੇ ਇਸ ਨੂੰ ਆਪ ਨੇ ਅਗੰਮੀ ਮੰਡਲ ਦਾ ਸੰਗੀਤ ਕਿਹਾ। ਇਸ ਦੈਵੀ ਸੰਗੀਤ ਨੂੰ ਕੰਨਾਂ ਨਾਲ ਨਹੀਂ ਸੁਣਿਆ ਜਾਂਦਾ ਸਗੋਂ ਸੁਰਤਿ ਨੂੰ ਉਸ ਨਾਲ ਜੋੜ ਕੇ ਆਤਮਿਕ ਰੂਪ ਵਿਚ ਅਨੁਭਵ ਕੀਤਾ ਜਾਂਦਾ ਹੈ।

ਆਪਣੀ ਮਲੰਗੀ ਕਰਕੇ ਮਹਾਤਮਾ ਫੀਥਾਗੋਰਸ ਦੀ ਗਿਣਤੀ ਦੁਨੀਆਂ ਨੇ ਮਹਾਨਤਮ ਵਿਅਕ-ਤੀਆਂ ਵਿਚ ਕੀਤੀ ਜਾਂਦੀ ਹੈ। ਆਪ ਨੂੰ ਸਪਤ-ਰਿਸ਼ੀਆਂ (Seven Wise Men) ਵਿਚੋਂ ਇਕ ਪ੍ਰਵਾਨਿਆ ਗਿਆ ਹੈ। ਆਪ ਨੇ ਲਿਖਿਆ ਭਾਵੇਂ ਕੁਝ ਨਹੀਂ ਪਰ ਇਕ ਨਿਵੇਕਲੇ ਚਿੰਤਨ ਨੂੰ ਜ਼ਰੂਰ ਜਨਮ ਦਿਤਾ। ਇਸ ਚਿੰਤਨ ਨੂੰ ਅਜੋਕੇ ਸੰਦਰਭ ਵਿਚ ਗੁਰਮਤਿ ਦੇ ਬਹੁਤ ਕਰੀਬੀ ਸਮਝਿਆ ਜਾ ਸਕਦਾ ਹੈ। ਆਪ ਦੇ ਵਿਚਾਰਾਂ ਨੂੰ ਆਪ ਦੇ ਚੇਲਿਆਂ ਨੇ ਪੁਸਤਕ ਦੇ ਰੂਪ ਵਿਚ ਵਿਸ਼ਵ ਦੇ ਸਾਹਮਣੇ ਲਿਆਂਦਾ। ਪਲੈਟੋ ਨੇ ਆਪਣੀ ਇਸ ਰਚਨਾ ਵਿਚ ਫੀਥਾਗੋਰਸ ਦਾ ਉਚੇਚਾ ਜ਼ਿਕਰ ਕੀਤਾ ਹੈ ਕਿ ਆਪ ਨੇ ਇਕ ਨਿਵੇਕਲੇ ਜੀਵਨ-ਦਰਸ਼ਨ, ਜੀਵਨ-ਸੈਲੀ ਅਰਥਾਤ ਧਰਮ ਨੂੰ ਪੇਸ਼ ਕੀਤਾ ਹੈ। ਇਹ ਵੀਟੋਹ ਮਿਲਦੀ ਹੈ ਕਿ ਅਰਸਤੂ ਨੇ ਫੀਥਾਗੋਰਸ ਬਾਰੇ ਇਕ ਵੱਖਰੀ ਰਚਨਾ ਕੀਤੀ ਸੀ ਜੋ ਸਮੇਂ ਦੀ ਧੂੜ ਵਿਚ ਕਿਧਰੇ ਗਵਾਚ ਗਈ ਹੈ, ਸਿਰਫ ਉਸਦੇ ਕੁਝ ਹਵਾਲੇ ਹੋਰਨਾਂ ਰਚਨਾਵਾਂ ਵਿਚ ਮਿਲਦੇ ਹਨ।

ਮਹਾਤਮਾ ਫੀਥਾਗੋਰਸ ਦੇ ਜੀਵਨ ਬਾਰੇ ਤਾਂ ਭਾਵੇਂ ਵਧੇਰੇ ਜਾਣਕਾਰੀ ਨਹੀਂ ਮਿਲਦੀ ਪਰ ਉਸ ਦੇ ਆਲੌਕਿਕ ਜੀਵਨ ਨਾਲ ਜੁੜੀਆਂ ਕਈ ਦੰਤ-ਕਥਾਵਾਂ ਯੂਨਾਨੀ ਸਾਹਿਤ ਵਿਚੋਂ ਮਿਲਦੀਆਂ ਹਨ। ਇਕ ਦੰਤ ਕਥਾ ਇਹ ਹੈ ਕਿ ਇਕ ਰਾਤ ਨੂੰ ਆਪ ਆਕਾਸ਼ ਵਿਚ ਤਾਰਿਆਂ ਨੂੰ ਵੇਖਦੇ ਹੋਏ ਇਕ ਟੋਏ ਵਿਚ ਡਿਗ ਪਏ। ਇਕ ਮੁਟਿਆਰ ਨੇ ਆਪ ਨੂੰ ਟੋਏ ਵਿਚੋਂ ਕੱਢਿਆ ਤੇ ਕਿਹਾ – "ਤੂੰ ਆਕਾਸ਼ ਦੀਆਂ ਗੱਲਾਂ ਕਿਵੇਂ ਜਾਣ ਸਕਦਾ ਹੈਂ, ਤੈਨੂੰ ਤਾਂ ਆਪਣੇ ਪੈਰ ਨਹੀਂ ਦਿਖਾਈ ਦਿੰਦੇ?" ਆਪ ਨੇ ਜੁਆਬ ਦਿਤਾ – "ਮੈਂ ਧਰਤ ਨਾਲੋਂ ਆਕਾਸ਼ ਬਾਰੇ ਵਧੇਰੇ ਜਾਣਦਾ ਹਾਂ" ਦੂਜੀ ਦੰਤ-ਕਥਾ ਇਹ ਹੈ ਕਿ ਆਪ ਆਪਣੀ ਅੰਤਰ-ਸੂਝ ਕਰਕੇ ਸਾਧਾਰਨ ਲੋਕਾਂ ਨਾਲੋਂ ਕਿਤੇ ਵੱਧ ਸ੍ਰੇਸ਼ਟ ਸਨ। ਕਹਿੰਦੇ ਹਨ ਕਿ ਇਕ ਵਾਰ ਆਪ ਨੇ ਭਵਿੱਖ ਬਾਣੀ ਕੀਤੀ ਕਿ ਇਸ ਸਾਲ ਜੈਤੂਨ ਦੀ ਫਸਲ ਬਹੁਤ ਹੋਵੇਗੀ। ਲੋਕ ਆਪ ਦਾ ਮਖੌਲ ਉਡਾਉਣ ਲੱਗੇ। ਆਪ ਨੇ ਤੇਲ ਦੇ ਵਾਪਾਰ ਵਿਚ ਪ੍ਰਤਿਸ਼ਠਾ ਪ੍ਰਾਪਤ ਕਰਕੇ ਇਹ ਸਿੱਧ ਕਰ ਦਿਤਾ ਕਿ ਜੇਕਰ ਉਹ ਚਾਹੇ ਤਾਂ ਸਭ ਤੋਂ ਵੱਡਾ ਧਨਾਢ ਬਣ ਸਕਦਾ ਹੈ ਪਰ ਉਹ ਸੰਤ ਬਣਿਆ ਹੀ ਰਹਿਣਾ ਚਾਹੁੰਦਾ ਹੈ।

ਮਹਾਤਮਾ ਫੀਥਾਗੋਰਸ ਬਹੁ-ਪਰਤੀ ਪ੍ਰਤਿਭਾ ਦੇ ਮਾਲਕ ਸਨ। ਆਪ ਨੇ ਆਪਣੇ ਨਿਵੇਕਲੇ ਚਿੰਤਨ ਦੇ ਆਧਾਰ 'ਤੇ ਆਪਣੇ ਜਿਊਂਦੇ-ਜੀਅ ਇਕ ਸੰਪ੍ਰਦਾਇ ਨੂੰ ਸਥਾਪਤ ਕਰ ਲਿਆ ਸੀ। ਆਪ ਦੇ ਅਨੁਆਈ ਆਪ ਪ੍ਰਤੀ ਅਥਾਹ ਸ਼ਰਧਾ ਤੇ ਪ੍ਰੇਮ ਦੇ ਗੰਭੀਰ ਭਾਵ ਰਖਦੇ ਸਨ। ਆਪ ਦੇ ਪੈਰੋਕਾਰ ਆਪਣੇ ਵਿਸ਼ੇਸ਼ ਆਚਾਰ-ਵਿਵਹਾਰ ਕਰਕੇ ਨਿਆਰੀ ਦਿੱਖ ਰੱਖਦੇ ਸਨ। ਇਹ ਸਾਰੇ

ਇਕੋ ਜਿਹੇ ਵਸਤਰ ਪਹਿਨਦੇ ਸਨ ਅਤੇ ਇਕੋ ਜਿਹਾ ਅਧਿਐਨ ਕਰਦੇ ਸਨ। ਭੋਗ-ਵਿਲਾਸਾਂ ਦੇ ਜੀਵਨ ਤੋਂ ਉਪਰ ਉਠ ਕੇ ਚੁੱਪ ਰਹਿਣਾ ਅਤੇ ਤਪਾ ਸਾਧਨਾ ਦਾ ਜੀਵਨ ਜੀਊਣ ਦੀ ਤਾਗ਼ੀਦ ਆਪ ਆਪਣੇ ਹਰ ਚੇਲੇ ਨੂੰ ਕਰਦੇ ਸਨ। ਇਸ ਆਚਾਰ-ਵਿਹਾਰ ਦੀ ਜੀਵਨ-ਸ਼ੈਲੀ ਰਾਹੀਂ ਆਪ ਨੇ ਯੂਨਾਨ ਵਿਚ ਧਾਰਮਿਕਤਾ ਦੀ ਪੁਨਰ ਸਥਾਪਨਾ ਕਰ ਦਿਤੀ ਜਿਸ ਤੋਂ ਆਮ ਲੋਕ ਬਹੁਤ ਪ੍ਰਭਾਵਿਤ ਸਨ। ਇਸ ਨਾਲ ਆਪ ਨੂੰ ਵੇਲੇ ਦੇ ਕੁਲੀਨ ਵਰਗ ਦੀ ਕਰੋਪੀ ਦਾ ਸਾਹਮਣਾ ਕਰਨਾ ਪਿਆ ਤੇ ਦੇਸ ਛੱਡ ਕੇ ਮੇਟਾ ਪੋਂਟਮ ਵਿਚ ਸ਼ਰਨ ਲੈਣੀ ਪਈ। ਇਥੇ ਹੀ ਇਸ ਪਾਕ ਰੂਹ ਦਾ 500 ਈ: ਪੂਰਵ ਵਿਚ ਦੇਹਾਂਤ ਹੋਇਆ।

ਮਹਾਤਮਾ ਫੀਥਾਗੋਰਸ ਮੂਲ ਰੂਪ ਵਿਚ ਅਧਿਆਤਮਿਕ ਵਿਅਕਤਿਤਵ ਦਾ ਮਾਲਕ ਸੀ ਪਰ ਆਪ ਦੇ ਵਿਅਕਤਿਤਵ ਦੇ ਚਮਤਕਾਰ ਹੇਠ ਲਿਖੀਆਂ ਚਾਰ ਪਰਤਾਂ ਰਾਹੀਂ ਰੌਸ਼ਨ ਹੁੰਦੇ ਦਿਖਾਈ ਦਿੰਦੇ ਹਨ -

(ੳ) ਗਣਿਤ ਵਿਗਿਆਨੀ
(ਅ) ਆਤਮਵੇਤਾ
(ੲ) ਵਿਗਿਆਨਵੇਤਾ
(ਸ) ਵੈਦ

## (ੳ) ਗਣਿਤ ਵਿਗਿਆਨੀ ਦੇ ਰੂਪ ਵਿਚ:-

ਫੀਥਾਗੋਰਸ ਗਣਿਤ ਨੂੰ ਸਾਧਨਾ ਦਾ ਅੰਗ ਮੰਨਦੇ ਸਨ। ਆਪ ਦਾ ਕਹਿਣਾ ਸੀ ਕਿ ਗਣਿਤ ਦਾ ਅਧਿਐਨ ਆਤਮਾ ਦਾ ਸਰਵ-ਸਰੇਸ਼ਟ ਸੋਧਕ ਹੈ। ਬਤੌਰ ਗਣਿਤ ਵਿਗਿਆਨ ਦੇ ਆਪ ਨੇ ਮਾਪ, ਅਨੁਪਾਤ, ਸਮਾਨ ਗਤੀਆਂ ਆਦਿ ਗਣਿਤ ਸਿਧਾਂਤਾਂ ਦਾ ਪ੍ਰਤੀਪਾਦਨ ਕੀਤਾ। ਮਾਪ ਦੇ ਨਿਯਮ ਆਪ ਨੇ ਮਿਸ਼ਰ ਵਿਚ ਰਹਿੰਦਿਆਂ ਸਥਾਪਤ ਕੀਤੇ ਸਨ। ਮਿਸਰ ਵਾਸੀਆਂ ਨੂੰ ਆਪ ਨੇ ਪਿਰਾਮਿਡਜ਼ ਦੀ ਛਾਇਆ ਦੇ ਆਧਾਰ 'ਤੇ ਉਨ੍ਹਾਂ ਦੀ ਉਚਾਈ ਨਾਪਣੀ ਸਿਖਾਈ ਸੀ। ਆਪ ਨੇ ਇਹ ਵੀ ਦੱਸਿਆ ਸੀ ਕਿ ਸਮੁੰਦਰ ਵਿਚ ਚਲਦੇ ਜ਼ਹਾਜ਼ਾਂ ਵਿਚਲੀ ਦੂਰੀ ਕਿਵੇਂ ਜਾਣੀ ਜਾ ਸਕਦੀ ਹੈ। ਆਪ ਨੇ ਇਹ ਗੱਲ ਸਾਹਮਣੇ ਲਿਆਂਦੀ ਸੀ ਕਿ ਕਿਸੇ ਤ੍ਰਿਭੁਜ ਦੀਆਂ ਭੁਜਾਵਾਂ ਜੇਕਰ 3:4:5 ਦੇ ਕ੍ਰਮ ਵਿਚ ਹੋਣ ਤਾਂ ਉਹ ਹਮੇਸ਼ਾਂ ਸਮਕੋਣ ਹੋਵੇਗੀ। ਇਥੋਂ ਹੀ ਆਪ ਨੇ ਜੁਮੈਟਰੀ ਦੇ ਉਨ੍ਹਾਂ ਸਿਧਾਂਤਾਂ ਨੂੰ ਸਾਹਮਣੇ ਲਿਆਂਦਾ ਜਿਨ੍ਹਾਂ ਨੂੰ ਅੱਜ ਪੈਥਾਗੋਰਸ ਦੀ ਥਿਊਰਮ ਕਰਕੇ ਜਾਣਿਆ ਜਾਂਦਾ ਹੈ।

ਆਪ ਦਾ ਤ੍ਰੈ-ਵਿਧੀ ਜੀਵਨ (The Three Lives)ਸਿਧਾਂਤ ਗਣਿਤ ਆਧਾਰਿਤ ਹੈ। ਆਪ ਦਾ ਕਹਿਣਾ ਹੈ ਕਿ ਕੁਲ ਮਾਨਵ ਜਾਤੀ ਵਿਚ 50% ਭਾਵ ਅੱਧੇ ਲੋਕ ਆਮ ਪੱਧਰ ਦੇ ਹੁੰਦੇ ਹਨ। ਸਿਫ਼ਰ ਤੋਂ ਵੀਹ ਤੱਕ ਦਾ 20% ਲੋਕ ਮੰਦ ਬੁੱਧੀ ਵਾਲੇ ਹੁੰਦੇ ਹਨ ਅਤੇ 50 ਤੋਂ 80 ਤੱਕ ਭਾਵ 30% ਜੀਨੀਅਸ (ਬੁੱਧੀਜੀਵੀ) ਲੋਕ ਹੁੰਦੇ ਹਨ। ਇਹੀ ਲੋਕ ਹਰ ਖੇਤਰ ਵਿਚ ਰਹਿਨੁਮਾਈ ਕਰਦੇ ਹਨ। ਸੰਖਿਆਵਾਂ ਵਿਚ ਆਪ ਨੇ ਸਮਾਨ/ ਸਮ (even) ਅਤੇ ਅਸਮਾਨ ਜਾਂ ਵਿਸ਼ਮ ਨੰਬਰ (odd) ਦਾ ਅੰਤਰ ਦੱਸਿਆ ਕਿ ਸਮ 2 ਨਾਲ ਵਿਭਾਜਤ ਅਤੇ ਵਿਸ਼ਮ 2 ਨਾਲ ਵਿਭਾਜਤ ਨਹੀਂ ਹੋ ਸਕਦੇ। ਇਹ ਸਾਰੇ ਸਿਧਾਂਤ ਆਪ ਨੇ ਪ੍ਰਕਿਰਤੀ ਵਿਚੋਂ ਲਏ ਸਨ। ਆਪ ਸਮਝਦੇ ਸਨ ਕਿ ਕੁਝ ਪ੍ਰਾਣੀਆਂ ਵਿਚ 50-50 ਪੁਰਸ਼ ਤੇ ਇਸਤਰੀਆਂ (male & female) ਹਨ। ਮਰਦ ਵਿਸ਼ਮ ਅੰਕ ਹਨ ਜੋ ਵਿਭਾਜਤ ਨਹੀਂ ਹੁੰਦੇ ਅਤੇ ਔਰਤ ਸਮਾਨ ਅੰਕ (even no.) ਹਨ ਜੋ ਅੱਗੇ ਵਿਭਾਜਤ ਹੋ ਕੇ ਸੰਤਾਨ ਪੈਦਾ ਕਰਦੀਆਂ ਹਨ। ਆਪ ਨੇ ਇਹ ਵੀ ਸਪੱਸ਼ਟ ਕੀਤਾ ਕਿ ਗਿਣਤੀ ਦੇ ਅੰਕ ਚਿੰਨ੍ਹ 10 ਹੀ ਹਨ ਜੋ ਸਿਫ਼ਰ (0) ਤੋਂ ਨੌਂ (9) ਤੱਕ ਹਨ। ਸੰਖਿਆ ਦੇ ਇਹ 10 ਅੰਕ 10



ਵਿਰੋਧਾਂ ਨੂੰ ਰੂਪਮਾਨ ਕਰਦੇ ਹਨ ਅਤੇ ਇਨ੍ਹਾਂ ਦਸਾਂ ਵਿਚੋਂ ਹੀ ਸਾਰੀ ਪ੍ਰਕਿਰਤੀ ਦਾ ਨਿਰਮਾਣ ਹੁੰਦਾ ਹੈ। ਇਨ੍ਹਾਂ ਦਸਾਂ ਅੰਕਾਂ ਰਾਹੀਂ ਹੀ ਗਿਣਤੀ ਅਨੰਤ ਤੱਕ ਚਲਦੀ ਹੈ। ਇਹ ਦਸ ਵਿਰੋਧ ਹਨ -

| | | |
|---|---|---|
| 1 | ਸੀਮਿਤ (Limit) | ਅਸੀਮਤ (Unlimited) |
| 2 | ਵਿਸ਼ਮ (Odd) | ਸਮ (Even) |
| 3 | ਏਕ (One) | ਅਨੇਕ (Many) |
| 4 | ਸੱਜੇ (Right) | ਖੱਬੇ (Left) |
| 5 | ਪੁਰਸ਼ (Man) | ਇਸਤਰੀ (Woman) |
| 6 | ਵਿਸ਼ਰਾਮ (Rest) | ਗਤੀ (Motion) |
| 7 | ਸਿਧੀ (Straight) | ਵਿਕ੍ਰਤ (Corved) |
| 8 | ਪ੍ਰਕਾਸ਼ (Light) | ਅੰਧਕਾਰ (Dark) |
| 9 | ਸ਼ੁਭ (Good) | ਅਸ਼ੁਭ (Bad) |
| 10 | ਵਰਗਾਕਾਰ (Square) | ਆਇਤਾਕਾਰ (Oblong) |

ਫੀਥਾਗੋਰਸ ਅਨੁਸਾਰ ਪਰਮ ਤੱਤ ਗਿਣਤੀ ਤੋਂ ਬਾਹਰਾ ਹੈ ਭਾਵ ਸ਼ੂਨਯ (ਸਿਫ਼ਰ) ਹੈ। ਸੰਸਾਰ ਦੀ ਸ੍ਰਿਸ਼ਟੀ ਸੰਖਿਆ ਤੋਂ ਪੈਦਾ ਹੋਈ ਹੈ। ਭਾਰਤੀ ਚਿੰਤਨ ਵਿਚ ਵੀ ਨੌਂ ਦੁਆਰਿਆਂ ਤੱਕ ਤ੍ਰੈਗੁਣੀ ਰਚਨਾ ਹੈ ਅਤੇ ਦਸਮ ਦੁਆਰ ਰਾਹੀਂ ਪਰਮਤੱਤ ਦੀ ਸੋਝੀ ਹੁੰਦੀ ਹੈ। ਇਵੇਂ ਸਾਰੀ ਗਿਣਤੀ (0,1,2,3,4,5,6,7,8,9) ਦਸ ਅੰਕਾਂ ਦੀ ਹੈ। ਇਸ ਦਾ ਵਿਸਥਾਰ 1 ਨਾਲ ਅੱਗੇ ਸਿਫ਼ਰ ਲਾ ਕੇ ਚੱਲਦਾ ਹੈ ਜਿਸਦਾ ਕੋਈ ਅੰਤ ਨਹੀਂ ਹੈ। ਇਕ ਤੋਂ ਲੈ ਕੇ ਨੌਂ ਅੰਕਾਂ ਤੱਕ ਜਦ ਪਾਇਆ ਜਾਂਦਾ ਹੈ ਤਾਂ ਹਰੇਕ ਅੰਕ ਦਾ ਆਰੰਭ ਤੇ ਅੰਤ ਹੈ ਪਰ ਸਿਫ਼ਰ (0) ਦਾ ਨਾ ਆਦਿ ਹੈ ਨਾ ਅੰਤ ਹੈ। ਇਵੇਂ ਫੀਥਾਗੋਰਸ ਅਨੁਸਾਰ ਸੰਖਿਆ ਹੀ ਸਾਰੇ ਸੰਸਾਰ ਦੀਆਂ ਵਸਤਾਂ ਦਾ ਮੂਲ ਕਾਰਨ ਹੈ। ਸੰਖਿਆ ਦੀ ਅਣਹੋਂਦ ਦੀ ਕਲਪਨਾ ਨਹੀਂ ਕੀਤੀ ਜ ਸਕਦੀ। ਸੰਸਾਰ ਦੀ ਹਰ ਵਸਤੂ ਦੀ ਕੋਈ ਸੀਮਾ ਹੈ ਪਰ ਉਸਦੀ ਉਤਪਤੀ ਅਸੀਮ ਤੋਂ ਹੁੰਦੀ ਹੈ। ਮਹਾਤਮਾ ਫੀਥਾਗੋਰਸ ਇਹ ਵੀ ਸਪੱਸ਼ਟ ਕਰਦਾ ਹੈ ਕਿ ਹਰ ਸੰਖਿਆ ਦੋ ਸ਼੍ਰੇਣੀਆਂ ਵਿਚ ਵੰਡੀ ਹੋਈ ਹੈ, ਵਿਸ਼ਮ (Odd) ਅਤੇ ਸਮ (Even) ਅੰਕਾਂ ਵਿਚ। ਇਹ ਕ੍ਰਮਵਾਰ ਸੀਮਤ ਅਤੇ ਅਸੀਮਤ ਦੇ ਸੂਚਕ ਹਨ। ਸਮ ਸੰਖਿਆ ਵਿਭਾਜਤ ਹੁੰਦੀ ਹੈ ਪਰ ਉਸ ਦੇ ਵਿਭਾਜਨ ਦਾ ਕੋਈ ਅੰਤ ਨਹੀਂ, ਜਿਵੇਂ 4-2-1-1/2-1/4-1/8-1/16-1/32-1/64............ ਇਸੇ ਕਰਕੇ ਇਹ ਅਸੀਮ ਹੈ।

## (ਅ) ਆਤਮਵੇਤਾ ਦੇ ਰੂਪ ਵਿਚ:-

ਆਤਮਵੇਤਾ ਦੇ ਰੂਪ ਵਿਚ ਮਹਾਤਮਾ ਫੀਥਾਗੋਰਸ ਨੇ ਆਰਫ਼ੀਅਸ ਦੇ ਚਿੰਤਨ ਨੂੰ ਅੱਗੇ ਤੋਰਦੇ ਹੋਏ ਇਸ ਨੂੰ ਸਪੱਸ਼ਟ ਸੇਧ ਦਿਤੀ ਹੈ। ਆਰਫ਼ੀਅਸ ਕਹਿੰਦਾ ਸੀ ਕਿ ਮਾਨਵਾਤਮਾ ਉਚ ਸੂਖ਼ਮ ਮੰਡਲ ਤੋਂ ਅਵਰੋਹਣ ਕਰਕੇ ਇਸ ਸਥੂਲ ਜਗਤ ਵਿਚ ਪ੍ਰਵੇਸ਼ ਕਰਦੀ ਹੈ। ਇਸ ਅਵਸਥਾ ਤੋਂ ਛੁਟਕਾਰਾ ਪਾਉਣ ਲਈ ਸੰਜਮ, ਤਪੱਸਿਆ ਤੇ ਚਿੱਤ-ਸਾਧਨਾ ਦੀ ਲੋੜ ਹੈ। ਪਰਮ ਸਤਿ ਵਿਚ ਅਭੇਦ ਹੋਣ ਲਈ ਉਹ ਡਾਇਓਨੀਪਸ ਦੇਵਤਾ ਦੇ ਪੈਰੋਕਾਰਾਂ ਵਾਲਾ ਮੌਜ-ਮਸਤੀ ਵਾਲਾ ਰਾਹ ਅਪਨਾਉਣ ਦਾ ਸੰਦੇਸ਼ ਦਿੰਦਾ ਹੈ। ਇਸ ਸਾਧਨਾ ਨੂੰ ਆਰਫ਼ੀਅਸ 'ਥਿਓਰੀਆ' ਦਾ ਨਾਮ ਦਿੰਦਾ ਹੈ। 'ਥਿਓਰੀਆ' ਮਨੁੱਖ ਦੀ ਉਹ ਮਾਨਸਿਕ ਦਸ਼ਾ ਹੈ ਜਦ ਉਹ ਭਾਵਨਾ ਦੀ ਅਤਿਅੰਤ ਤੀਬਰਤਾ ਦੇ ਪ੍ਰਭਾਵ ਅਧੀਨ ਆਪਣੀ ਨਿੱਜਤਾ ਭੁੱਲ ਕੇ ਆਪਣੇ ਆਪ ਨੂੰ ਪ੍ਰਮਾਤਮਾ ਦਾ ਪ੍ਰਕਾਸ਼ ਜਾਂ ਪਰਛਾਵਾਂ ਸਮਝਦਾ ਹੈ।

ਇਸ ਅਵਸਥਾ ਵਿਚ ਪਰਮਸਤਿ ਦਾ ਅਨੁਭਵ ਹੁੰਦਾ ਹੈ। ਮਹਾਤਮਾ ਫੀਥਾਗੋਰਸ ਮਹਿਸੂਸ ਕਰਦੇ ਹਨ ਕਿ ਇਕ ਚੰਗੇ ਮੰਤਵ ਦੀ ਪ੍ਰਾਪਤੀ ਲਈ ਇਹ ਤਰੀਕਾ ਸਦਾਚਾਰਕ ਤੌਰ 'ਤੇ ਸਹੀ ਨਹੀਂ ਹੈ। ਆਪ ਨੇ ਸਾਧਨਾ ਦੇ ਇਸ ਭਾਵੁਕ ਪੱਖ ਨੂੰ ਤਜ ਕੇ ਨੈਤਿਕਤਾ ਨੂੰ ਅੱਗੇ ਲਿਆਂਦਾ। ਮਨੁੱਖ ਆਪਣੀ ਆਤਮਾ ਦੀ ਸਰਵੋਤਮ ਸ਼ਕਤੀ ਵਿਵੇਕ (ਬੁੱਧੀ) ਨੂੰ ਵਰਤ ਕੇ ਸਾਧਨਾ ਵਿਚ ਸਥਿਰ ਹੋ ਕੇ ਪ੍ਰਮਾਤਮਾ ਨਾਲ ਸੰਪਰਕ ਪੈਦਾ ਕਰ ਸਕਦਾ ਹੈ।

ਆਰਫੀਅਸ ਸਮਝਦਾ ਸੀ ਕਿ ਆਤਮਾ ਸਰੀਰ ਦੀ ਕੈਦ ਵਿਚ ਹੈ ਪਰ ਮਹਾਤਮਾ ਫੀਥਾਗੋਰਸ ਦਾ ਇਹ ਵਿਚਾਰ ਹੈ ਕਿ ਆਤਮਾ ਸਰੀਰ ਤੋਂ ਸਥਾਈ ਜਾਂ ਅਸਥਾਈ ਰੂਪ ਵਿਚ ਅਲੱਗ ਰਹਿ ਸਕਦੀ ਹੈ। ਇਵੇਂ ਸਰੀਰ ਦੇ ਮੁਕਾਬਲੇ ਆਤਮਾ ਦੀ ਸਰੇਸ਼ਟਤਾ ਹੈ। ਸਰੀਰ ਦੀ ਹੋਂਦ ਆਤਮਾ ਕਰਕੇ ਹੈ ਨਹੀਂ ਤਾਂ ਇਹ ਮਿੱਟੀ ਹੈ। 'ਸਿੱਖੀ ਹੈ ਬਲਵਾਨ ਕਰਨਾ ਸੁਰਤਿ ਨੂੰ' ਵਾਂਗ ਫੀਥਾਗੋਰਸ ਇਹ ਜ਼ਰੂਰ ਮੰਨਦਾ ਹੈ ਕਿ ਆਤਮਾ ਨੂੰ ਸਰੀਰ ਦੀ ਨਿਸਬਤ ਬਲਵਾਨ ਬਣਾਉਣ ਦੀ ਲੋੜ ਹੈ। ਜੇਕਰ ਮਨੁੱਖ ਆਪਣੇ ਮਨ ਉਪਰ ਕਿਸੇ ਪਰਕਾਰ ਦਾ ਨਿਯੰਤ੍ਰਣ ਨਾ ਰੱਖੇ ਅਤੇ ਬਿਨਾ ਸੰਜਮ ਦੇ ਹਰ ਇੱਛਾ ਦੀ ਤ੍ਰਿਪਤੀ ਕਰਦਾ ਜਾਵੇ ਤਾਂ ਇਸ ਨਾਲ ਆਤਮਾ ਦੀ ਉਨਤੀ ਤੇ ਵਿਕਾਸ ਵਿਚ ਵਿਘਨ ਪੈ ਜਾਂਦਾ ਹੈ। ਸੰਸਾਰ ਵਿਚ ਪਾਪ-ਪੁੰਨ, ਨੇਕੀ-ਬਦੀ, ਸਤਿ-ਅਸਤਿ ਦਾ ਅਨੰਤ ਪ੍ਰਵਾਹ ਚੱਲਦਾ ਹੈ। ਇਸ ਵਿਚੋਂ ਕਿਸ ਨੂੰ ਤਿਆਗਣਾ ਅਤੇ ਕਿਸਨੂੰ ਅਪਣਾਉਣਾ ਹੈ, ਇਹ ਮਨੁੱਖੀ ਵਿਵੇਕ ਨੇ ਵੇਖਣਾ ਹੈ। ਬਦਕਾਰੀ ਤੋਂ ਦੂਰ ਰਹਿਣ ਵਿਚ ਹੀ ਆਤਮਾ ਦਾ ਉਜਵਲ ਵਿਕਾਸ ਸੰਭਵ ਹੈ। ਇਸੇ ਆਧਾਰ 'ਤੇ ਮਹਾਤਮਾ ਫੀਥਾਗੋਰਸ ਆਰਫੀਅਸ ਦੇ ਇਸ ਵਿਚਾਰ ਨੂੰ ਰੱਦ ਕਰਦਾ ਹੈ ਕਿ ਸਰੀਰ ਆਤਮਾ ਲਈ ਕੈਦਖਾਨਾ ਹੀ ਨਹੀਂ ਸਗੋਂ ਉਸਦੀ ਬੰਦ ਖਲਾਸੀ ਦਾ ਸਾਧਨ ਵੀ ਹੈ। ਇਹ ਆਤਮਾ ਦਾ ਅਵਰੋਹਣ ਨਹੀਂ ਸਗੋਂ ਪਰਮਸਤਿ ਦੀ ਉਚਾਈ ਨੂੰ ਪ੍ਰਾਪਤ ਕਰਨ ਦਾ ਜ਼ਹੀਰਾ ਹੈ ਅਤੇ ਇਸ ਤੋਂ ਬਿਨਾਂ ਐਸਾ ਸੰਭਵ ਨਹੀਂ ਹੈ। ਇਵੇਂ ਸਰੀਰ ਤੇ ਆਤਮਾ ਦਾ ਸਹਿਵਾਸ ਕੋਈ ਦੁਰਭਾਗ ਨਹੀਂ ਅਤੇ ਨਾ ਹੀ ਸਜ਼ਾ ਹੈ, ਸਗੋਂ ਉਚਤਮ ਲਕਸ਼ ਦੀ ਪ੍ਰਾਪਤੀ ਦਾ ਉਤਸਵ ਹੈ। ਆਰਫੀਅਸ ਦਾ ਚਿੰਤਨ ਇਸ ਪੱਖੋਂ ਬੁੱਧ ਧਰਮ ਦੇ ਨਿਰਵਾਣ ਨਾਲ ਮੇਲ ਖਾਂਦਾ ਹੈ ਜਿਸ ਵਿਚ ਆਤਮਾ ਨੂੰ ਸਰੀਰ ਦੀ ਕੈਦ ਤੋਂ ਛੁਟਕਾਰਾ ਦਿਵਾਉਣ ਵਾਲਾ ਪਲਾਇਨਵਾਦੀ ਰਾਹ ਅਪਣਾਉਣਾ ਪੈਂਦਾ ਹੈ। ਇਸ ਦੇ ਉਲਟ ਮਹਾਤਮਾ ਫੀਥਾਗੋਰਸ ਦੀ ਵਿਚਾਰਧਾਰਾ ਗੁਰਮਤਿ ਵਾਲੀ ਵਿਚਾਰਧਾਰਾ ਹੈ ਜਿਸ ਵਿਚ ਜਿਉਂਦੇ ਜੀਅ ਇਕ ਐਸੇ ਡਿਸਪਲਨ ਨੂੰ ਧਾਰਨ ਕਰਕੇ ਦੇਹ ਦੇ ਬੰਧਨਾਂ ਤੋਂ ਪਾਰ ਕੇ ਸਦੀਵੀ ਆਨੰਦ ਨੂੰ ਮਾਣਨਾ ਹੈ। ਇਵੇਂ ਆਤਮਵੇਤਾ ਦੇ ਰੂਪ ਵਿਚ ਫੀਥਾਗੋਰਸ ਦੀ ਪਹੁੰਚ ਆਰਫੀਅਸ ਦੇ ਉਲਟ ਸਕਾਰਾਤਮਕ ਹੈ।

### (ੲ) ਵੈਦ ਦੇ ਰੂਪ ਵਿੱਚ:-

ਰੋਗ ਸਰੀਰ ਕਰਕੇ ਹਨ ਅਤੇ ਇਨ੍ਹਾਂ ਨੂੰ ਦੂਰ ਕਰਨ ਲਈ ਮਹਾਤਮਾ ਫੀਥਾਗੋਰਸ ਨੇ ਵਿਵੇਚਨ (Catharsis) ਅਥਵਾ ਸ਼ੁੱਧੀ ਦੇ ਸਿਧਾਂਤ ਦਾ ਪ੍ਰਤੀਪਾਦਨ ਕੀਤਾ ਹੈ। ਆਪ ਨੇ ਪੂਰੇ-ਸੂਰੇ ਇਕ ਚਿਕਿਤਸਾ ਦੇ ਪੀਠ (School) ਦੀ ਸਥਾਪਨਾ ਕੀਤੀ ਜਿਸ ਵਿਚ ਵਿਵੇਚਨ ਦੇ ਇਸ ਸਿਧਾਂਤ ਰਾਹੀਂ ਸਰੀਰਕ ਤੇ ਮਾਨਸਿਕ ਰੋਗਾਂ ਦਾ ਇਲਾਜ ਕੀਤਾ ਜਾਂਦਾ ਸੀ। ਆਪ ਦਾ ਕਹਿਣਾ ਸੀ ਕਿ ਔਸ਼ਧੀ ਦੀ ਵਰਤੋਂ ਸਰੀਰ ਦੀ ਸ਼ੁਧੀ ਲਈ ਕਰੋ ਅਤੇ ਸੰਗੀਤ ਦੀ ਵਰਤੋਂ ਆਤਮਾ ਦੀ ਸ਼ੁਧੀ ਲਈ ਕਰੋ। ਆਪ ਮੂਰਛਾ ਗ੍ਰਸਤ (Hysterical) ਰੋਗੀਆਂ ਦਾ ਇਲਾਜ ਜੰਗਲੀ ਬੰਸਰੀ ਦੇ ਸੰਗੀਤ ਨਾਲ ਕਰਦੇ ਸਨ। ਇਹ ਸੰਗੀਤ ਸੁਣ ਕੇ ਰੋਗੀ ਗੂੜ੍ਹੀ ਨੀਂਦ ਵਿਚ ਸੌਂ ਜਾਂਦਾ ਸੀ ਅਤੇ ਜਦ ਜਾਗਦਾ ਸੀ ਤਾਂ ਰੋਗ-ਮੁਕਤ ਹੋ ਜਾਂਦਾ ਸੀ। ਇਸ ਉਚੇਰੀ ਧਾਰਨਾ ਕਰਕੇ ਅਜੋਕਾ ਚਿਕਿਤਸਾ-ਸ਼ਾਸਤਰ ਅਤੇ ਸਵਰ-ਸ਼ਾਸਤਰ (ਸੰਗੀਤ) ਮਹਾਤਮਾ ਫੀਥਾਗੋਰਸ ਦਾ ਰਿਣੀ ਹੈ।



### (ਸ) ਵਿਗਿਆਨਵੇਤਾ ਦੇ ਰੂਪ ਵਿੱਚ:-

ਮਹਾਤਮਾ ਫੀਥਾਗੋਰਸ ਦੀ ਵਿਗਿਆਨਕ ਸੋਚ ਅਧਿਆਤਮਕ ਮੁਖ ਸੀ। ਆਪ ਸ੍ਰਿਸ਼ਟੀ-ਵਿਗਿਆਨ ਵਿੱਚ ਅਗਨੀ ਨੂੰ ਕੇਂਦਰੀ ਮੰਨਦੇ ਹਨ। ਆਪ ਦੀ ਧਾਰਨਾ ਸੀ ਕਿ ਕੁਦਰਤੀ ਸ਼ਕਤੀ (energy) ਦਾ ਸੋਮਾ ਅਗਨੀ ਹੈ ਤੇ ਹਰ ਚੀਜ਼ ਅਗਨੀ ਦੁਆਲੇ ਘੁੰਮਦੀ ਹੈ। ਫੀਥਾਗੋਰਸ ਤੋਂ ਪਹਿਲਾਂ ਧਰਤੀ ਨੂੰ ਵਿਸ਼ਵ ਦਾ ਕੇਂਦਰ ਮੰਨਿਆ ਜਾਂਦਾ ਸੀ। ਪਰ ਆਪ ਨੇ ਇਹ ਸਪੱਸ਼ਟ ਕਰ ਦਿਤਾ ਕਿ ਪ੍ਰਿਥਵੀ ਗੋਲ ਨਹੀਂ ਅੰਡਾਕਾਰ (ਬੇਲਨਕਾਰ) ਹੈ ਅਤੇ ਇਹ ਅਗਨੀ ਕੇਂਦਰ ਦੁਆਲੇ ਘੁੰਮਦੀ ਹੈ। ਆਪ ਨੇ ਇਹ ਵੀ ਸਪੱਸ਼ਟ ਕੀਤਾ ਕਿ ਪ੍ਰਿਥਵੀ ਇਕ ਗ੍ਰਹਿ ਹੈ ਜੋ ਅਗਨੀ (ਸੂਰਜ) ਦੁਆਲੇ ਘੁੰਮਦੀ ਹੈ। ਇਸ ਅਗਨੀ ਕੇਂਦਰ ਦੁਆਲੇ ਦਸ ਪਿੰਡ ਘੁੰਮਦੇ ਹਨ ਕਿਉਂਕਿ ਅੰਕਾਂ ਦੀ ਗਿਣਤੀ ਕੁਲ ਦਸ ਹੈ। ਸਿਫ਼ਰ ਨੂੰ ਸੂਰਜ ਮਿਥ ਕੇ ਇਜ ਤੋਂ ਨੌਂ ਅੰਕਾਂ ਤੱਕ ਬਾਕੀ ਗ੍ਰਹਿ ਹਨ। ਇਵੇਂ ਵਿਗਿਆਨ ਦੇ ਖੇਤਰ ਵਿਚ ਫੀਥਾਗੋਰਸ ਨੇ ਖਗੋਲ ਸ਼ਾਸਤਰ ਦੀ ਨੀਂਹ ਰੱਖੀ।

ਸਾਰੀ ਵਿਚਾਰ ਚਰਚਾ ਤੋਂ ਇਸ ਸਿੱਟੇ 'ਤੇ ਪੁੱਜਿਆ ਜਾਂਦਾ ਹੈ ਕਿ ਮਹਾਤਮਾ ਫੀਥਾਗੋਰਸ ਦੇ ਵਿਅਕਤਿਤਵ ਦੀ ਪਰ ਪਰਤ ਅਧਿਆਤਮਕ ਸਰੋਕਾਰਾਂ ਨੂੰ ਜਨਮ ਦਿੰਦੀ ਹੈ। ਆਪ ਨੇ ਈਸਾ ਮਸੀਹ ਤੋਂ 500 ਸਾਲ ਪਹਿਲਾਂ ਇਕ ਐਸੇ ਚਿੰਤਨ ਨੂੰ ਸਥਾਪਤ ਕੀਤਾ ਜਿਸ ਵਿਚ ਪੂਰਬ ਤੇ ਪੱਛਮ ਦਾ ਕੁਲ ਚਿੰਤਨ ਸਮਾਅ ਜਾਂਦਾ ਹੈ। ਅਜਿਹੇ ਮਹਾਤਮਾ ਨੂੰ ਜਾਤਾਂ, ਕੌਮਾਂ, ਮਜ਼ਹਬਾਂ ਦੀਆਂ ਦਲੀਜ਼ਾਂ ਤੋਂ ਬਾਹਰ ਆ ਕੇ ਨਮੋ ਕਹਿਣਾ ਆਪਣੀ ਰੂਹ ਦੇ ਇਲਾਹੀ ਭੇਦਾਂ ਦੀ ਪਛਾਣ ਕਰਨ ਦੇ ਤੁੱਲ ਹੈ।

### ਆਧਾਰ ਗ੍ਰੰਥ:-


1. ਬਰਨੇਦ ਜਾਹਨ, 'ਗਰੀਕ ਫਿਲਾਸਫੀ', ਮੈਕਮਿਲਨ ਐਂਡ ਕੰਪਨੀ ਲਿਮਟਿਡ, ਲੰਡਨ 1953
- **ਹਿੰਦੀ ਅਨੁਵਾਦ:** ਸ੍ਰੀ ਪ੍ਰਕਾਸ਼ ਦੂਬੇ, ਮੱਧ ਪ੍ਰਦੇਸ਼ ਹਿੰਦੀ ਗ੍ਰੰਥ ਅਕਾਦਮੀ ਭੂਪਾਲ,1973
2. ਮਨਮੋਹਨ ਸਿੰਘ (ਡਾ.), 'ਯੂਨਾਨੀ ਦਰਸ਼ਨ', ਪੰਜਾਬੀ ਯੂਨੀਵਰਸਿਟੀ ਪਟਿਆਲਾ , 1998.
3. ਗੁਲਵੰਤ ਸਿੰਘ (ਪ੍ਰੋ.),'ਯੂਨਾਨੀ ਰਹੱਸਵਾਦ','ਭਾਰਤੀ ਤੇ ਵਿਦੇਸ਼ੀ ਸਾਹਿਤ'ਅੰਕ 6, ਅਕਤੂਬਰ 1972, ਪੰਜਾਬੀ ਯੂਨੀਵਰਸਿਟੀ ਪਟਿਆਲਾ।
4. ਰਾਮ ਨਾਥ ਸ਼ਰਮਾ (ਡਾ.), 'ਪ੍ਰਾਚੀਨ ਯੂਨਾਨੀ ਦਰਸ਼ਨ' (ਹਿੰਦੀ), ਕੇਦਾਰ ਨਾਥ ਰਾਮ ਨਾਥ ਮੇਰਠ, ਚੌਥਾ ਸੰਸਕਰਣ। 000

## ਸੁਰਾਂ ਦਾ ਸ਼ਾਹ ਸਵਾਰ - ਸ਼੍ਰੋਮਣੀ ਰਾਗੀ ਭਾਈ ਬਲਬੀਰ ਸਿੰਘ

ਕੀਰਤਨ ਇਕ ਭਗਤੀ ਤੇ ਸ਼ਾਂਤ-ਰਸ ਭਰਪੂਰ ਸ਼ਬਦ ਪ੍ਰਧਾਨ ਗਾਇਕੀ ਹੈ ਜਿਸ ਵਿਚ ਧਰੁਪਦ ਅੰਗ ਦੀ ਲੈਅਕਾਰੀਆਂ ਜਾਂ ਖਿਆਲ ਅੰਗ ਦੀਆਂ ਬਾਰੀਕੀਆਂ ਆਲਾਪ, ਬੋਲ-ਆਲਾਪ, ਤਾਨ, ਬੋਲ-ਤਾਨ ਤੇ ਬੋਲ-ਬਾਂਟ ਆਦਿ ਦੇ ਪ੍ਰਯੋਗ ਦੇ ਨਾਲ-ਨਾਲ ਅਰਧ-ਸ਼ਾਸਤਰੀ ਤੇ ਸੁਗਮ ਸੰਗੀਤ ਦੀ ਝਲਕ ਵੀ ਆਉਂਦੀ ਹੈ। ਪਰ ਸ਼ਬਦ ਦੀ ਪ੍ਰਧਾਨਤਾ ਕਾਇਮ ਰਹਿੰਦੀ ਹੈ। ਸਰੋਤਾ ਬਾਣੀ ਨਾਲ ਜੁੜਿਆ ਰਹਿੰਦਾ ਹੈ ਤੇ ਅੰਮ੍ਰਿਤ ਰਸ ਹਰਿ ਕੀਰਤਨ ਪੀਂਦਾ ਹੈ। ਭਾਈ ਬਲਬੀਰ ਸਿੰਘ ਅਜਿਹੇ ਕੀਰਤਨੀਏ ਹਨ ਜਿਨ੍ਹਾਂ ਨੂੰ ਗੁਰੂ ਨੇ ਅਪਾਰ ਕਿਰਪਾ ਦੁਆਰਾ ਬੇਅੰਤ ਪ੍ਰਸਿੱਧੀ ਬਖ਼ਸ਼ੀ ਹੈ। ਉਹ "ਸ੍ਰੀ ਦਸਮ ਗ੍ਰੰਥ ਸਾਹਿਬ "ਅਤੇ "ਸ੍ਰੀ ਆਦਿ ਗ੍ਰੰਥ ਸਾਹਿਬ" ਦੇ ਤੇਜ਼ ਰਫ਼ਤਾਰ ਅਖੰਡ-ਪਾਠੀ ਹਨ ਤੇ ਭਾਈ ਨੰਦ ਲਾਲ ਗੋਯਾ, ਭਾਈ ਗੁਰਦਾਸ ਜੀ ਆਦਿ ਦੀ ਬਾਣੀ ਤੋਂ ਇਲਾਵਾ ਗੁਰਬਾਣੀ ਦੇ ਤਕਰੀਬਨ 3000 ਸ਼ਬਦ ਉਨ੍ਹਾਂ ਨੂੰ ਕੰਠ ਹਨ ਜਿਨ੍ਹਾਂ ਨੂੰ 250 ਰਾਗਾਂ ਵਿੱਚ ਗਾਉਣ ਦੇ ਸਮਰੱਥ ਹਨ। ਉਹ ਸੰਗਤਾਂ ਨੂੰ ਕੀਰਤਨ ਰਾਹੀਂ ਸ਼ਬਦ ਗੁਰੂ ਨਾਲ ਜੋੜਦੇ ਹਨ। ਇਥੇ ਜ਼ਿਕਰਯੋਗ ਹੈ ਕਿ ***ਭਾਈ ਬਲਬੀਰ ਸਿੰਘ ਜੀ ਜਵੱਦੀ ਟਕਸਾਲ ਦੇ ਮਹਾਂਪੁਰਸ਼ ਸੰਤ ਬਾਬਾ ਸੁੱਚਾ ਸਿੰਘ ਜੀ ਦੇ ਨਿਕਟਵਰਤੀਆਂ ਵਿਚੋਂ ਇਕ ਹਨ ਜਿਨ੍ਹਾਂ ਨੇ ਜਿੱਥੇ ਸੰਤ ਬਾਬਾ ਸੁੱਚਾ ਸਿੰਘ ਜੀ ਵੱਲੋਂ ਗੁਰਮਤਿ ਸੰਗੀਤ ਦੇ ਪ੍ਰਚਾਰ ਤੇ ਪ੍ਰਸਾਰ ਹਿੱਤ ਆਰੰਭੀ ਲਹਿਰ ਦੇ ਮੁੱਢ ਤੋਂ ਲੈ ਕੇ ਹੁਣ ਤੱਕ ਹਰ ਵਸੀਲੇ ਰਾਹੀਂ ਆਪਣਾ ਵਡਮੁੱਲਾ ਯੋਗਦਾਨ ਪਾਇਆ ਅਤੇ ਅੱਜ ਵੀ ਜਵੱਦੀ ਟਕਸਾਲ ਦੇ ਮੁਖੀ ਸੰਤ ਗਿਆਨੀ ਅਮੀਰ ਸਿੰਘ ਜੀ ਅਤੇ ਸਮੁੱਚੀ ਟੀਮ ਨੂੰ ਆਪਣਾ ਸਹਿਯੋਗ ਦੇ ਰਹੇ ਹਨ।*** ਸੰਗਤਾਂ ਦੀ ਦਿਲਚਸਪੀ ਅਤੇ ਜਾਣਕਾਰੀ ਹਿੱਤ ਉਨ੍ਹਾਂ ਦੇ ਜੀਵਨ ਅਤੇ ਸ਼ਖ਼ਸੀਅਤ ਬਾਰੇ ਗੱਲਬਾਤ ਦੇ ਕੁਝ ਅੰਸ਼ ਇਸ ਪ੍ਰਕਾਰ ਪੇਸ਼ ਕੀਤੇ ਜਾਂਦੇ ਹਨ:-

- **ਭਾਈ ਸਾਹਿਬ ਜੀ ਆਪਣੇ ਪਰਿਵਾਰਕ ਪਿਛੋਕੜ ਬਾਰੇ ਕੁਝ ਦੱਸੋ?**

➡ ਮੇਰਾ ਜਨਮ ਮਾਰਚ 1933 ਨੂੰ ਹੁਣ ਜ਼ਿਲ੍ਹਾ ਅੰਮ੍ਰਿਤਸਰ ਵਿੱਚ ਪੈਂਦੇ ਪਿੰਡ ਭੀਖੀ ਪਿੰਡ ਦੇ ਲਾਗੇ ਮਰਗਿੰਦਪੁਰ ਵਿੱਚ ਹੋਇਆ। ਅਸੀਂ ਚਾਰ ਭਰਾ ਸਾਂ ਤੇ ਮੈਂ ਇਨ੍ਹਾਂ ਸਾਰਿਆਂ ਤੋਂ ਵੱਡਾ ਹਾਂ। ਸਾਡੇ ਪਿਤਾ ਜੀ ਭਾਈ ਸੰਤਾ ਸਿੰਘ ਜੀ ਚੰਗੇ ਕੀਰਤਨੀਏ ਹੋਣ ਦੇ ਨਾਲ-ਨਾਲ ਗੁਰਮਤਿ ਵਿਦਿਆਲਾ ਤਰਨ ਤਾਰਨ ਦੇ ਉਘੇ ਉਸਤਾਦ ਵੀ ਸਨ। ਮੇਰੇ ਪਿਤਾ ਜੀ ਨੂੰ ਕੀਰਤਨ ਦੀ ਦਾਤ ਆਪਣੇ ਪਿਤਾ ਯਾਨੀ ਸਾਡੇ ਪੂਜਨੀਕ ਦਾਦਾ ਜੀ ਭਾਈ ਕੁੰਦਨ ਸਿੰਘ, ਸਾਡੇ ਪੜਦਾਦਾ ਭਾਈ ਇੰਦਰ ਸਿੰਘ ਅਤੇ ਉਨ੍ਹਾਂ ਦੇ ਵਡੇਰੇ ਬਾਬਾ ਹੀਰਾ ਸਿੰਘ ਜੀ ਦੇ ਵਡੇਰੇ ਅਮੀਰਜ਼ਾਦੇ ਤੇ ਗੁਰੂ ਘਰ ਦੇ ਕੀਰਤਨੀਏ ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਪਾਸੋਂ ਅੰਮ੍ਰਿਤ ਛਕ ਕੇ ਸਿੰਘ ਸਜੇ ਸਨ।

- **ਆਪ ਜੀ ਨੇ ਸੰਗੀਤ ਦੀ ਸਿੱਖਿਆ ਲੈਣੀ ਕਦੋਂ ਕੁ ਆਰੰਭ ਕੀਤੀ?**

➡ ਜਿੱਥੋਂ ਤੱਕ ਮੈਨੂੰ ਧਿਆਨ ਐ ਮੈਂ ਚਹੁੰ ਕੁ ਵਰ੍ਹਿਆਂ ਦਾ ਸਾਂ, ਜਦੋਂ ਮੈਂ ਆਪਣੇ ਪਿਤਾ ਜੀ ਦੀ ਗੋਦ ਵਿੱਚ ਬੈਠ ਕੇ ਆਲਾਪ ਲੈਣਾ ਆਰੰਭ ਕਰ ਦਿੱਤਾ ਸੀ। ਸੱਤ ਵਰ੍ਹਿਆਂ ਦੀ ਉਮਰ 'ਚ ਹੀ ਮੈਂ ਮਾਂ-ਮਹਿਟਰ ਹੋ ਗਿਆ ਸਾਂ। ਇਸ ਕਾਰਨ ਸਕੂਲੀ ਪੜ੍ਹਾਈ ਜਾਰੀ ਨਾ ਰਹਿ ਸਕੀ। ਪਰ ਪਿਤਾ ਜੀ ਦੀ ਇਕੋ-ਇੱਕ ਰੀਝ ਸੀ ਕਿ ਬੱਚੇ ਆਲ੍ਹਾ ਦਰਜੇ ਦੇ ਕੀਰਤਨੀਏ ਬਣਨ। ਉਹ ਸਾਨੂੰ ਉਸਤਾਦ ਲੋਕਾਂ ਦਾ ਗਾਇਨ ਸੁਣਾਉਣ ਲਈ ਵੱਡੇ-ਵੱਡੇ ਸੰਗੀਤ ਦਰਬਾਰਾਂ ਵਿੱਚ ਲੈ ਕੇ ਜਾਂਦੇ। ਬਨਾਰਸ, ਲਖਨਊ, ਪੂਨਾ, ਕਲਕੱਤਾ, ਦਿੱਲੀ



ਆਦਿ ਘਰਾਣਿਆਂ ਦੇ ਉਸਤਾਦਾਂ ਤੋਂ ਆਸ਼ੀਰਵਦ ਦਿਵਾਉਂਦੇ। ਇਸ ਤਰ੍ਹਾਂ ਉਨ੍ਹਾਂ ਸਾਡੇ ਅੰਦਰ ਕੀਰਤਨ ਦੀ ਚਿਣਗ ਲਾਈ।

- **ਪਹਿਲੀ ਵਾਰ ਮੰਚ 'ਤੇ ਕੀਰਤਨ ਕਰਨ ਦਾ ਮੌਕਾ ਕਿਵੇਂ ਅਤੇ ਕਿੱਥੇ ਮਿਲਿਆ?**

➡ ਭਾਈ ਸਾਹਿਬ, ਮੈਂ ਉਦੋਂ ਕੇਵਲ ਸੱਤ ਵਰ੍ਹਿਆਂ ਦਾ ਸਾਂ ਜਦੋਂ ਮੈਂ ਸ੍ਰੀ ਦਰਬਾਰ ਸਾਹਿਬ ਤਰਨ ਤਾਰਨ ਦੇ ਹਜ਼ੂਰ ਕੀਰਤਨ ਕੀਤਾ। ਇੱਥੇ ਮੈਂ ਇੱਕ ਗੱਲ ਦੱਸਣੀ ਚਾਹੁੰਦਾ ਹਾਂ ਕਿ ਉਨ੍ਹਾਂ ਵੇਲਿਆਂ ਵਿੱਚ ਦੋ ਹੀ ਰਾਗੀ ਸਿੰਘ, ਜਥੇ ਵਿੱਚ ਸ਼ਾਮਿਲ ਹੁੰਦੇ ਸਨ। ਇੱਕ ਤਬਲੇ ਵਾਲਾ, ਦੂਜਾ ਹਰਮੋਨੀਅਮ ਵਾਲਾ। ਢਾਈ ਘੰਟੇ ਦੀ ਚੌਂਕੀ ਹੁੰਦੀ ਸੀ। ਕਿਸੇ ਵੇਲੇ ਅਗਲੇ ਜਥੇ ਦੇ ਨਾਆਉਣ ਕਾਰਨ, ਇਕੋ ਜਥੇ ਨੂੰ ਦੋ ਚੌਂਕੀਆਂ ਨਿਰੰਤਰ ਦੇਣੀਆਂ ਪੈਂਦੀਆਂ ਤਾਂ ਬੜੀ ਮੁਸ਼ਕਿਲ ਬਣ ਜਾਂਦੀ ਸੀ। ਸੰਗਤ ਤਾਂ ਉਹਨੀਂ ਦਿਨੀ ਵੈਸੇ ਵੀ ਵਿਰਲੀ ਟਾਂਵੀਂ ਹੁੰਦੀ ਸੀ। ਜਲ ਵਰਤਣ ਦੀ ਹਾਜਤ ਵੇਲੇ ਇੱਕ ਜਾਣਾ ਉਠ ਕੇ ਬਾਹਰ ਜਾਂਦਾ ਤਾਂ ਦੂਜਾ ਇਕੱਲਾ ਹੀ ਗਾਉਂਦਾ ਰਹਿੰਦਾ। ਇੱਕ ਦਿਨ ਅਜਿਹਾ ਹੀ ਹੋਇਆ ਮੈਂ ਉਸੇ ਪਲ ਗੁਰਦੁਆਰਾ ਤਰਨ ਤਾਰਨ ਸਾਹਿਬ ਦੇ ਵਿਹੜੇ ਵਿੱਚ ਖੇਡਦਾ-ਖੇਡਦਾ ਗੁਰਦੁਆਰਾ ਸਾਹਿਬ ਦੇ ਅੰਦਰ ਪਤਾਸਿਆਂ ਦਾ ਪ੍ਰਸ਼ਾਦਿ ਲੈਣ ਜਾ ਪਹੁੰਚਿਆ। ਭੁੱਖ ਬਹੁਤ ਸਤਾਉਂਦੀ ਸੀ ਕਿਉਂਕਿ ਮਾਤਾ ਜੀ ਦੇ ਨਾ ਹੋਣ ਕਾਰਨ ਘਰ ਵਿੱਚ ਪ੍ਰਸ਼ਾਦਾ ਪਕਾਉਣ ਵਾਲਾ ਕੋਈ ਨਹੀਂ ਸੀ। ਉਸ ਦਿਨ ਤਾਂ ਕਮਾਲ ਹੀ ਹੋ ਗਈ ਜਦੋਂ ਇਕੱਲੇ ਬੈਠੇ ਕੀਰਤਨ ਕਰ ਰਹੇ ਭਾਈ ਬਲਵੰਤ ਸਿੰਘ ਜੋ ਮੇਰੇ ਪਿਤਾ ਜੀ ਦੇ ਸ਼ਾਗਿਰਦ ਸਨ ਨੇ ਆਵਾਜ਼ ਮਾਰ ਕੇ ਮੈਨੂੰ ਹਰਮੋਨੀਅਮ 'ਤੇ ਬਿਠਾ ਲਿਆ ਕਿਉਂਕਿ ਉਸ ਨੂੰ ਪਤਾ ਸੀ ਕਿ ਮੈਨੂੰ ਦੋ ਸ਼ਬਦ ਆਉਂਦੇ ਸਨ ਤੇ ਉਦੋਂ ਮੈਂ ਜਿਹੜਾ ਪਹਿਲਾ ਸ਼ਬਦ ਗਾਇਆ ਉਹ ਸ਼ਬਦ "**ਹਰਿ ਧਨੁ ਪਾਇਆ ਸੋਹਾਗਣੀ ਡੋਲਤ ਨਾਹੀ ਚੀਤਿ**" ਤੇ ਦੂਜਾ ਸ਼ਬਦ "**ਸਜਣੁ ਮੈਡਾ ਰੰਗੁਲਾ ਰੰਗੁ ਲਾਇ ਮਨੁ ਲੇਇ**" ਸੀ। ਜਦੋਂ ਦੋਵੇਂ ਸ਼ਬਦ ਪੜ੍ਹਨ ਬਾਅਦ ਵੀ ਬਾਹਰ ਗਿਆ ਰਾਗੀ ਸਿੰਘ ਨ ਪਰਤਿਆ ਤਾਂ ਪ੍ਰਸ਼ਾਦਿ ਵੰਡਣ ਵਾਲੇ ਸਿੰਘ ਨੇ ਕਿਹਾ, "ਪੜ੍ਹ ਪੜ੍ਹ, ਹੋਰ ਪੜ੍ਹ ਸ਼ਾਬਾਸ਼!" ਮੈਂ ਕਿਹਾ, ਹੋਰ ਨਹੀਂ ਆਉਂਦਾ। ਉਸ ਨੇ ਕਿਹਾ, "ਪਹਿਲੇ ਵਾਲਾ ਫਿਰ ਪੜ੍ਹ ਦੇ ਤੇ ਮੈਂ ਫਿਰ ਸ਼ੁਰੂ ਹੋ ਗਿਆ"। ਉਦੋਂ ਮੇਰੀ ਆਵਾਜ਼ ਬੜੀ ਬਰੀਕ ਹੁੰਦੀ ਸੀ, ਬਿਲਕੁਲ ਲਤਾ ਵਰਗੀ। ਇੱਕ ਮਾਈ ਜਿਸ ਨੇ ਮੇਰਾ ਪਹਿਲਾ ਕੀਰਤਨ ਸੁਣਿਆ ਉਸਨੇ ਪ੍ਰਸੰਨ ਹੋ ਕੇ ਇੱਕ ਚਾਂਦੀ ਦਾ ਰੁਪਿਆ ਦਿੱਤਾ ਤੇ ਹਜ਼ੂਰੀ ਵਿੱਚੋਂ ਉਠਣ ਵੇਲੇ ਗ੍ਰੰਥੀ ਸਿੰਘ ਨੇ ਸਿਰੋਪਾਓ, ਸਿਹਰਾ ਤੇ ਕਿੰਨੇ ਸਾਰੇ ਪਤਾਸੇ ਵੀ ਦੇ ਦਿੱਤੇ। ਜਦੋਂ ਪਿਤਾ ਜੀ ਨੂੰ ਜਾ ਕੇ ਸਾਰੀ ਘਟਨਾ ਸੁਣਾਈ ਤਾਂ ਉਹ ਬਹੁਤ ਪ੍ਰਸੰਨ ਹੋਏ ਤੇ ਸ਼ਾਬਾਸ਼ ਦਿੰਦਿਆਂ ਕਹਿਣ ਲੱਗੇ, "ਕੱਲ੍ਹ ਫੇਰ ਜਾਈਂ"। ਅਗਲੇ ਦਿਨ ਵੀ ਇੰਝ ਹੀ ਹੋਇਆ, "ਚਾਂਦੀ ਦਾ ਰੁਪਿਆ ਤਾਂ ਭਾਵੇਂ ਨਾ ਮਿਲਿਆ ਪਰ ਉਥੇ ਬਹਿ ਕੇ ਗਾਉਣਾ ਬੜਾ ਚੰਗਾ ਲੱਗਿਆ"। ਜਦੋਂ ਮੈਂ ਤੀਜੇ ਦਿਨ ਗਿਆ ਤਾਂ ਭਾਈ ਬਲਵੰਤ ਸਿੰਘ ਕਹਿਣ ਲੱਗੇ, "ਕੱਲ੍ਹ ਕੋਈ ਨਵਾਂ ਸ਼ਬਦ ਸਿੱਖ ਕੇ ਆਵੀਂ ਫੇਰ ਬੈਠਾਵਾਂਗੇ" ਤੇ ਮੈਂ ਝਟਪਟ ਕਿਹਾ, "ਹੁਣੇ ਕਿਉਂ ਨਹੀਂ", ਮੈਂ ਭੱਜਾ-ਭੱਜਾ ਪਿਤਾ ਜੀ ਕੋਲ ਵਿਦਿਆਲੇ ਗਿਆ ਕਿਉਂਕਿ ਕੀਰਤਨ ਦੀ ਚੌਂਕੀ ਮੁੱਕਣ ਵਿੱਚ ਅਜੇ ਡੇਢ ਘੰਟਾ ਬਾਕੀ ਸੀ ਤੇ ਮੈਂ ਸਿਰਫ ਦਸ-ਪੰਦਰਾਂ ਮਿੰਟਾਂ ਵਿੱਚ ਹੀ, "ਹਮ ਘਰ ਸਾਜਨ ਆਏ" ਸ਼ਬਦ ਤੇ ਇਸ ਦੀ ਬੰਧਿਸ਼ ਸਿੱਖ ਕੇ ਦਰਬਾਰ ਸਾਹਿਬ ਪੁੱਜ ਗਿਆ। ਇਉਂ ਕੀਰਤਨ ਦੀ ਕਰਾਮਾਤ ਨੇ ਲੰਗਰ ਦੇ ਬੰਦ ਦਰਵਾਜ਼ੇ ਵੀ ਚੌਪਟ ਖੋਲ੍ਹ ਦਿੱਤੇ।

- **ਆਪ ਜੀ ਨੂੰ ਹੁਣ ਤੱਕ ਕਿਹੜੇ-ਕਿਹੜੇ ਮਾਣ-ਸਨਮਾਨ ਹਾਸਿਲ ਹੋਏ ਹਨ?**

➡ 1983 ਵਿੱਚ ਇੰਡੀਅਨ ਕੌਂਸਲ ਫਾਰ ਸਿੱਖ ਅਫੇਅਰਜ਼ ਦਿੱਲੀ, 1987 ਵਿੱਚ ਕੇਂਦਰੀ ਸਿੰਘ ਸਭਾ ਚੰਡੀਗੜ੍ਹ, 1991 ਵਿੱਚ ਚੀਫ਼ ਖਾਲਸਾ ਦੀਵਾਨ ਅੰਮ੍ਰਿਤਸਰ, *1992 ਵਿੱਚ ਵਿਸਮਾਦੁ ਨਾਦ ਇੰਟਰਨੈਸ਼ਨਲ ਇੰਸਟੀਚਿਊਟ ਆਫ਼ ਸਿਖਇਜ਼, ਜਵੱਦੀ ਟਕਸਾਲ, ਲੁਧਿਆਣਾ ਵੱਲੋਂ 1991 ਵਿੱਚ ਸ਼੍ਰੋਮਣੀ ਗੁਰਮਤਿ ਸੰਗੀਤ ਐਵਾਰਡ,* 1994 ਵਿੱਚ ਸੰਤ ਸੁਜਾਨ ਸਿੰਘ ਸ਼੍ਰੋਮਣੀ ਰਾਗੀ ਐਵਾਰਡ ਦਿੱਲੀ, 1995 ਵਿੱਚ ਭਾਈ ਮਰਦਾਨਾ ਯਾਦਗਾਰੀ ਐਵਾਰਡ ਫਿਰੋਜ਼ਪੁਰ, 1986 ਵਿੱਚ ਭਾਰਤ ਦੇ ਮੌਜੂਦਾ ਰਾਸ਼ਟਰਪਤੀ ਸ੍ਰੀ ਕੇ.ਆਰ.ਨਾਰਾਇਣ ਹੱਥੋਂ ਭਾਈ ਸੁੱਧ ਸਿੰਘ ਪ੍ਰਧਾਨ ਸਿੰਘ ਸ਼੍ਰੋਮਣੀ ਰਾਗੀ ਐਵਾਰਡ, ਮਾਹਲਪੁਰ ਪ੍ਰਾਪਤ ਹੋਏ। ਇਨ੍ਹਾਂ ਸਨਮਾਨਾਂ ਵਿੱਚ ਸਿਰੋਪਾਓ, ਸ੍ਰੀ ਸਾਹਿਬਾਂ, ਦੁਸ਼ਾਲੇ, ਗੋਲਡ ਮੈਡਲ, ਪ੍ਰਮਾਣ ਪੱਤਰ ਤੇ ਹਜ਼ਾਰਾਂ ਰੁਪਏ ਦੀ ਨਕਦੀ ਵੀ ਸ਼ਾਮਿਲ ਰਹੀ।

- **ਹੁਣ ਤੱਕ ਆਪ ਜੀ ਦੀਆਂ ਕਿਹੜੀਆਂ-ਕਿਹੜੀਆਂ ਕੈਸਟਾਂ ਰਿਕਾਰਡ ਹੋਈਆਂ ਹਨ?**

➡ ਅਜੋਕੇ ਸੰਚਾਰ ਮਾਧਿਅਮਾਂ ਦੇ ਵਿਖਾਵਾ ਭਰਪੂਰ ਸੱਭਿਆਚਾਰ ਦੀ ਦੌੜ ਵਿੱਚ ਉਨ੍ਹਾਂ ਨੇ ਕਦੇ ਕੋਈ ਉਚੇਚਾ ਉਪਰਾਲਾ ਨਹੀਂ ਕੀਤਾ। 1997 ਵਿੱਚ ਟੀ-ਸੀਰੀਜ਼ ਵਾਲਿਆਂ ਨੇ ਉਨ੍ਹਾਂ ਦੀ ਇੱਕ ਕੈਸਟ 'ਤੂ ਕੁਨ ਰੇ...' ਰਿਕਾਰਡ ਕੀਤੀ ਹੈ। ਇਸ ਤੋਂ ਪਹਿਲਾਂ ਸੰਤ ਬਾਬਾ ਸੁੱਚਾ ਸਿੰਘ ਜੀ ਨੇ ਅਦੁੱਤੀ ਗੁਰਮਤਿ ਸੰਗੀਤ ਸੰਮੇਲਨ ਵਿੱਚ ਆਪ ਵੱਲੋਂ ਗਾਈ 'ਆਸਾ ਜੀ ਦੀ ਵਾਰ' ਨੂੰ ਤਿੰਨਾਂ ਕੈਸਿਟਾਂ ਵਿੱਚ ਬਾਖ਼ੂਬੀ ਸੰਭਾਲਿਆ ਤੇ 'ਵਿਸਮਾਦੁ ਨਾਦ' ਰਾਹੀਂ ਸੰਗਤਾਂ ਤੱਕ ਪਹੁੰਚਾਇਆ ਹੈ। ਪੰਜਾਬ ਐਂਡ ਸਿੰਧ ਬੈਂਕ ਵੱਲੋਂ ਆਰੰਭੇ ਨਿਵੇਕਲੇ ਉਪਰਾਲੇ ਤਹਿਤ "ਪੰਜਾਬ ਕੀਰਤਨ ਭਵਨ, ਜਲੰਧਰ" ਦੀ ਆਡੀਓ ਵੀਡੀਓ ਲਾਇਬ੍ਰੇਰੀ ਲਈ 6 ਰਾਗਾਂ ਵਿੱਚ ਇੱਕ ਕੈਸਿਟ ਟੀ-ਸੀਰੀਜ਼ ਵੱਲੋਂ ਵੀ ਰਿਲੀਜ਼ ਕੀਤੀ ਗਈ ਹੈ।

- **ਆਪ ਜੀ ਆਪੇ ਉਸਤਾਦ ਸਾਹਿਬਾਨਾਂ ਬਾਰੇ ਜਾਣਕਾਰੀ ਦਿਉ?**

➡ ਮੈਂ ਮੁਢਲੀ ਰਾਗ ਵਿੱਦਿਆ ਆਪਣੇ ਬਾਪੂ ਜੀ ਤੋਂ ਹੀ ਲਈ। ਗਾਇਨ ਵਿੱਚ ਪੰਡਤ ਕ੍ਰਿਸ਼ਨਾ ਰਾਓ ਦੀ ਗਵਾਲੀਅਰ ਵਾਲਿਆਂ ਦੀ ਰਹਿਨੁਮਾਈ ਵਿੱਚ ਅਤੇ ਤਬਲੇ ਵਿੱਚ ਮੇਰਠ ਵਾਲੇ ਪਦਮ ਸ਼੍ਰੀ ਹਾਬੀਰ-ਓ-ਦੀਨ ਖਾਂ ਸਾਹਿਬ ਅਤੇ ਜਲ ਤਰੰਗ ਵਿੱਚ ਭਾਈ ਗਿਆਨ ਸਿੰਘ ਜੀ ਅਲਮਸਤ ਮੇਰੇ ਪੂਜਨੀਕ ਉਸਤਾਦ ਹਨ। ਇਨ੍ਹਾਂ ਤੋਂ ਇਲਾਵਾ ਦਿਲਰੁਬਾ ਵਜਾਉਣ ਦੀ ਕਲਾ ਆਪਣੇ ਪੂਜਨੀਕ ਪਿਤਾ ਜੀ ਤੋਂ ਪ੍ਰਾਪਤ ਕੀਤੀ ਅਤੇ ਇਸ ਉਪਰੰਤ ਸਾਰੇ ਤੰਤੀ ਸਾਜ਼ ਸਿਤਾਰ, ਵਾਇਲਨ, ਦਿਲਰੁਬਾ, ਤਾਊਸ, ਸਾਰੰਗੀ ਆਦਿ ਵਜਾਉਣ ਦੀ ਮੁਹਾਰਤ ਵੀ ਪ੍ਰਾਪਤ ਕੀਤੀ।

- **ਆਪ ਗੁਰਮਤਿ ਸੰਗੀਤ ਦੇ ਪ੍ਰਚਾਰ ਦੀ ਲਹਿਰ ਦਾ ਮੁੱਢ ਬੰਨਣ ਸਮੇਂ ਬਾਬਾ ਸੁੱਚਾ ਸਿੰਘ ਜੀ ਦੇ ਸਾਥੀਆਂ ਵਿੱਚ ਸ਼ਾਮਿਲ ਸੀ ਇਸ ਬਾਰੇ ਕੁਝ ਚਾਨਣਾ ਪਾਉ?**

➡ ਪਹਿਲੇ ਅਦੁੱਤੀ ਗੁਰਮਤਿ ਸੰਗੀਤ ਸੰਮੇਲਨ ਦੀ ਤਿਆਰੀ ਵਿੱਚ ਤਕਰੀਬਨ ਦੋ ਵਰ੍ਹੇ ਲੱਗੇ। ਬਾਬਾ ਸੁੱਚਾ ਸਿੰਘ ਜੀ ਵੱਲੋਂ ਗਠਿਤ ਕੀਤੀ ਗਈ ਰਾਗ ਨਿਰਣਾਇਕ ਕਮੇਟੀ ਵਿੱਚ ਪ੍ਰਸਿੱਧ ਸੰਗੀਤ ਸ਼ਾਸਤਰੀ ਪੰਡਤ ਦਲੀਪ ਚੰਦਰ ਬੇਦੀ, ਸਿੰਘ ਬੰਧੂ, ਭਾਈ ਗੁਰਚਰਨ ਸਿੰਘ, ਅਵਤਾਰ ਸਿੰਘ, ਡਾ. ਅਜੀਤ ਸਿੰਘ ਪੈਂਤਲ, ਡਾ. ਜਗੀਰ ਸਿੰਘ, ਪ੍ਰੋ.



ਕਰਤਾਰ ਸਿੰਘ, ਉਸਤਾਦ ਜਸਵੰਤ ਸਿੰਘ ਭੰਵਰਾ ਤੇ ਦਾਸ ਸ਼ਾਮਿਲ ਸੀ। ਇਸ ਸਾਰੀ ਕਮੇਟੀ ਨੇ ਦਿਨ ਰਾਤ ਘਾਲਣਾ ਕਰ ਕੇ ਸ਼ੁੱਧ ਰਾਗਾਂ ਦੇ ਸਰੂਪ ਨਿਰਧਾਰਤ ਕੀਤੇ।

- **ਆਪ ਜੀ ਦੇ ਪ੍ਰੇਰਨਾ ਸ੍ਰੋਤ ਕਿਨ੍ਹਾਂ ਨੂੰ ਮੰਨਦੇ ਹੋ?**

➡ ਪੰਥ ਪ੍ਰਸਿੱਧ ਕੀਰਤਨੀਏ ਭਾਈ ਸਮੁੰਦ ਸਿੰਘ, ਸੁਜਾਨ ਸਿੰਘ, ਭਾਈ ਸੰਤਾ ਸਿੰਘ, ਰਬਾਬੀ ਕੀਰਤਨੀਏ ਭਾਈ ਚਾਂਦ ਜੀ, ਭਾਈ ਲਾਲ ਜੀ, ਭਾਈ ਮੋਤੀ, ਸਾਈਂ ਦਿੱਤਾ ਤੇ ਭਾਈ ਦੇਸਾ ਜੋ 1940-45 ਵਿੱਚ ਸ੍ਰੀ ਹਰਿਮੰਦਰ ਸਾਹਿਬ ਵਿਖੇ ਪੁਰਾਤਨ ਰੀਤਾਂ ਮੁਤਾਬਕ ਕੀਰਤਨ ਕਰਦੇ ਰਹੇ ਸਨ, ਉਨ੍ਹਾਂ ਤੋਂ ਮੈਂ ਬੇਹੱਦ ਪ੍ਰਭਾਵਿਤ ਹਾਂ। ਉਹ ਮੇਰੇ ਪ੍ਰੇਰਨਾ ਸ੍ਰੋਤ ਹਨ। ਉਨ੍ਹਾਂ ਰਾਹੀਂ ਸੀਨਾ-ਬ-ਸੀਨਾ ਚਲੀਆਂ ਆ ਰਹੀਆ ਧਰੁਪਦ ਤੇ ਪੜਤਾਲਾਂ ਦੀਆਂ ਗਾਇਨ ਸ਼ੈਲੀਆਂ ਨੂੰ ਸੰਭਾਲਣ ਦਾ ਯਤਨ ਕੀਤਾ ਹੈ ਅਤੇ ਅੱਗੋਂ ਆਪਣੇ ਸ਼ਾਗਿਰਦਾਂ ਨੂੰ ਵੀ ਸਿਖਾ ਰਿਹਾ ਹਾਂ। ਬੜੇ ਦੁੱਖ ਦੀ ਗੱਲ ਹੈ ਕਿ ਪਾਕਿਸਤਾਨ ਬਣਨ ਉਪਰੰਤ ਇਹ ਉਸਤਾਦ ਗਾਇਕ ਵੀ ਉਧਰ ਚਲੇ ਗਏ ਤੇ ਸਾਡਾ ਵਿਰਸਾ ਵੀ। ਅੱਗੇ ਸਿੱਖ ਰਾਗੀ ਇਨ੍ਹਾਂ ਵੱਲ ਵੇਖ ਕੇ ਪੁਰਾਤਨ ਸ਼ੈਲੀਆਂ ਸਿੱਖਣ ਦਾ ਯਤਨ ਕਰਦੇ ਸਨ। ਹੁਣ ਪ੍ਰੇਰਨਾ ਦੇ ਸੋਮੇ ਹੀ ਨਹੀਂ ਰਹੇ।

- **ਜਵੱਦੀ ਟਕਸਾਲ ਦੀ ਗੁਰਮਤਿ ਸੰਗੀਤ ਨੂੰ ਕੀ ਦੇਣ – ਬਾਰੇ ਕੀ ਕਹਿਣਾ ਚਾਹੁੰਦੇ ਹੋ?**

➡ ਜਵੱਦੀ ਟਕਸਾਲ ਦੇ ਬਾਨੀ ਮਹਾਪੁਰਸ਼ ਸੰਤ ਬਾਬਾ ਸੁੱਚਾ ਸਿੰਘ ਜੀ ਨੇ ਗੁਰਮਤਿ ਸੰਗੀਤ ਦੇ ਖੇਤਰ ਵਿੱਚ ਅਦੁੱਤੀ ਗੁਰਮਤਿ ਸੰਗੀਤ ਸੰਮੇਲਨਾਂ ਦੀ ਲੜੀ ਆਰੰਭ ਕਰਕੇ ਕੇ ਨਵੇਂ ਮੀਲ ਪੱਥਰ ਸਥਾਪਤ ਕੀਤੇ ਉਨ੍ਹਾਂ ਦੁਆਰਾ ਗੁਰਮਤਿ ਸੰਗੀਤ ਦੇ ਖੇਤਰ ਵਿੱਚ ਕੀਤੇ ਕਾਰਜਾਂ ਨੂੰ ਸਿੱਖ ਇਤਿਹਾਸ ਦੇ ਪੰਨਿਆਂ ਵਿੱਚ ਸੁਨਹਿਰੀ ਅੱਖਰਾਂ ਵਿੱਚ ਲਿਖਿਆ ਜਾਵੇਗਾ। ਕੀਰਨਤ ਪ੍ਰੰਪਰਾ ਦੇ ਨਿਰੋਲ ਸਿੱਖੀ ਸਰੂਪ ਦੀ ਸੰਭਾਲ ਅਤੇ ਨਿਰਧਾਰਿਤ ਰਾਗਾਂ ਵਿੱਚ ਗੁਰਬਾਣੀ ਗਾਇਨ ਕਰਨ ਦੀ ਪੱਧਤੀ ਨੂੰ ਪੁਨਰ ਸੁਰਜੀਤ ਕਰਨ ਦੇ ਮਹਾਨ ਉਪਰਾਲੇ ਜੋ ਸੰਤ ਬਾਬਾ ਸੁੱਚਾ ਸਿੰਘ ਜੀ ਨੇ ਕੀਤੇ ਹਨ ਉਹ ਇੱਕ ਜਿਉਂਦਾ ਜਾਗਦਾ ਇਤਿਹਾਸ ਹੈ। ਬਾਬਾ ਜੀ ਨੇ ਕਈ ਰਾਗੀਆਂ, ਸੰਗੀਤ ਆਚਾਰੀਆਂ ਨਾਲ ਆਪਣਾ ਸੰਪਰਕ ਪੈਦਾ ਕਰਕੇ ਅਤੇ ਰਾਗ ਨਿਰਣਾਇਕ ਕਮੇਟੀ ਦੀ ਸਥਾਪਨਾ ਰਾਹੀਂ ਇਸ ਖੋਜ ਨੂੰ ਆਧਾਰ ਬਣਾ ਕੇ 31 ਰਾਗਾਂ ਦੇ ਸਹੀ ਸਰੂਪ ਤੇ ਮਿਸ਼ਰਤ ਰਾਗਾਂ ਦੇ ਸਰੂਪ ਨੂੰ ਨਿਯਮਬੱਧ ਤੇ ਸੰਗੀਤਬੱਧ ਢੰਗ ਨਾਲ ਸੰਗਤਾਂ ਤੇ ਸੰਗੀਤਕਾਰਾਂ ਦੇ ਸਾਹਮਣੇ ਲਿਆਉਣ ਦਾ ਯਤਨ ਕੀਤਾ ਹੈ ਤਾਂ ਜੋ ਸੰਗੀਤ ਪ੍ਰੇਮੀ, ਖੋਜੀ ਤੇ ਸੰਗੀਤ ਵਿਦਿਆਰਥੀ ਆਪਣੇ ਅਮੀਰ ਵਿਰਸੇ ਤੋਂ ਜਾਣੂੰ ਹੋ ਕੇ ਉਸ ਨੂੰ ਸੰਭਾਲਣ ਦਾ ਯਤਨ ਕਰ ਸਕਣ। ਇਸ ਉਦੇਸ਼ ਦੀ ਪੂਰਤੀ ਲਈ ਉਨ੍ਹਾਂ ਗੁਰਦੁਆਰਾ ਗੁਰ ਗਿਆਨ ਪ੍ਰਕਾਸ਼, ਜਵੱਦੀ ਟਕਸਾਲ ਵਿਖੇ 1991 ਵਿੱਚ ਗੁਰਸ਼ਬਦ ਸੰਗੀਤ ਅਕੈਡਮੀ ਦੀ ਸਥਾਪਨਾ ਕੀਤੀ ਜਿਸ ਰਾਹੀਂ ਅਣਗਿਣਤ ਵਿਦਿਆਰਥੀ ਗੁਰਮਤਿ ਸੰਗੀਤ ਅਤੇ ਗੁਰਮਤਿ ਸਿਧਾਂਤ ਦੀ ਸਿੱਖਿਆ ਲੈ ਕੇ ਪੰਥ ਦੀ ਸੇਵਾ ਕਰ ਰਹੇ ਹਨ। *ਅੱਜ ਕੱਲ੍ਹ ਜਵੱਦੀ ਟਕਸਾਲ ਵਿਖੇ ਸੰਤ ਗਿਆਨੀ ਅਮੀਰ ਸਿੰਘ ਜੀ ਦੀ ਅਗਵਾਈ ਹੇਠ ਪ੍ਰਿੰਸੀਪਲ ਸੁਖਵੰਤ ਸਿੰਘ ਇਹ ਸੇਵਾ ਨਿਭਾ ਰਹੇ ਹਨ ਅਤੇ ਅਦੁੱਤੀ ਗੁਰਮਤਿ ਸੰਗੀਤ ਸੰਮੇਲਨ ਦੀ ਲੜੀ ਨਿਰੰਤਰ ਜਾਰੀ ਹੈ। ਜਵੱਦੀ ਟਕਸਾਲ ਦੇ ਬਾਨੀ ਬਾਬਾ ਸੁੱਚਾ ਸਿੰਘ ਜੀ ਦੀਆਂ ਘਾਲਣਾਵਾਂ ਸਦਕਾ ਹੀ ਅੱਜ ਸ੍ਰੀ ਹਰਿਮੰਦਰ ਸਾਹਿਬ ਵਿਖੇ ਤੰਤੀ ਸਾਜ਼ਾਂ*

*ਦੁਆਰਾ ਨਿਰਧਾਰਤ ਰਾਗਾਂ ਵਿਚ ਕੀਰਤਨ ਦੀ ਆਰੰਭਤਾ ਹੋਈ ਹੈ।*

- **ਤੁਸੀਂ ਸ੍ਰੀ ਹਰਿੰਮਦਰ ਸਾਹਿਬ ਵਿਖੇ ਕਿੰਨੀ ਦੇਰ ਕੀਰਤਨ ਦੀ ਸੇਵਾ ਨਿਭਾਈ ਹੈ?**

➡ ਅਸੀਂ ਤਿੰਨੋ ਭਰਾ ਭਾਈ ਚਤਰ ਸਿੰਘ ਨਿਹੰਗ ਅਤੇ ਭਾਈ ਮਹਿੰਦਰ ਸਿੰਘ (ਤਬਲਾ ਵਾਦਕ) 1955 ਵਿੱਚ ਸ਼੍ਰੋਮਣੀ ਵਿਖੇ ਭਰਤੀ ਹੋਏ ਸਾਂ। 1955 ਤੋਂ ਲੈ ਕੇ 1960 ਤੱਕ ਸ੍ਰੀ ਦਰਬਾਰ ਸਾਹਿਬ ਤਰਨ ਤਾਰਨ ਹਜ਼ੂਰ ਕੀਰਤਨ ਦੀ ਸੇਵਾ ਨਿਭਾਈ, ਉਪਰੰਤ 1960 ਤੋਂ 1991 ਤੱਕ (ਰਿਟਾਇਰ ਹੋਣ ਤੱਕ) ਸ੍ਰੀ ਹਰਿਮੰਦਰ ਸਾਹਿਬ ਵਿਖੇ ਕੀਰਤਨ ਦੀ ਸੇਵਾ ਦਾ ਆਨੰਦ ਲਿਆ।

- **ਆਪ ਆਪਣੇ ਜੀਵਨ ਦੀ ਕੋਈ ਅਹਿਮ ਘਟਨਾ ਦੱਸੋ?**

➡ ਇਹ 1970 ਦੀ ਗੱਲ ਹੈ ਕਿ ਦਾਸ ਉਦੋਂ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਵਿਖੇ ਕੀਰਤਨ ਦੀ ਸੇਵਾ ਕਰ ਰਿਹਾ ਸੀ ਕਿ ਉਸ ਵਕਤ ਦੇਸ਼ ਦੇ ਪ੍ਰਧਾਨ ਮੰਤਰੀ ਕੇਵਲ ਚਾਰ ਮਿੰਟ ਵਾਸਤੇ ਉਥੇ ਆਏ ਸਨ ਪ੍ਰੰਤੂ ਉਨ੍ਹਾਂ ਉਚੇਚੀ ਫਰਮਾਇਸ਼ ਕਰਕੇ ਨਿਰੰਤਰ ਡੇਢ ਘੰਟਾ ਕੀਰਤਨ ਸਰਵਣ ਕੀਤਾ।

- **ਕੀ ਆਪ ਜੀ ਦੇ ਦੋਵੇਂ ਬੱਚੇ ਵੀ ਗੁਰਮਤਿ ਸੰਗੀਤ ਦੀ ਸੇਵਾ ਕਰ ਰਹੇ ਹਨ?**

➡ ਹਾਂ ਜੀ, ਮੇਰੇ ਦੋਵੇਂ ਲੜਕੇ ਭਾਈ ਬਹਾਦਰ ਸਿੰਘ (ਹਰਮੋਨੀਅਮ) ਅਤੇ ਭਾਈ ਸੌਦਾਗਰ ਸਿੰਘ ਅਕਾਲੀ (ਤਬਲਾ ਵਾਦਕ) ਉਤੇ ਮਿਹਨਤ ਕਰ ਰਹੇ ਹਨ। ਮੇਰੀ ਇਕ ਰੀਝ ਹੈ ਕਿ ਜੋ ਗੁਣ ਵੀ ਮੇਰੇ ਪਾਸ ਹਨ, ਉਹ ਮੈਂ ਆਪਣੇ ਬੱਚਿਆਂ ਦੀ ਝੋਲੀ ਪਾ ਜਾਵਾਂ ਤਾਂ ਕਿ ਵਿਰਸੇ ਦੀ ਸੰਭਾਲ ਕੀਤੀ ਜਾ ਸਕੇ।

- **ਨਵੀਂ ਪੀੜ੍ਹੀ ਦੇ ਰਾਗੀਆਂ ਨੂੰ ਕੀ ਕਹਿਣਾ ਚਾਹੋਗੇ?**

➡ ਭਾਵੇਂ ਬਾਬਾ ਸੁੱਚਾ ਸਿੰਘ ਜਵੱਦੀ ਟਕਸਾਲ ਦੀਆਂ ਘਾਲਣਾਵਾਂ ਸਦਕਾ ਅੱਜ ਗੁਰਮਤਿ ਸੰਗੀਤ ਦੇ ਪ੍ਰਚਾਰ ਦੀ ਲਹਿਰ ਇਕ ਵਿਸ਼ਾਲ ਰੂਪ ਧਾਰਨ ਕਰ ਚੁੱਕੀ ਹੈ ਅਤੇ ਨੌਜਵਾਨ ਪੀੜ੍ਹੀ ਗੁਰਮਤਿ ਸੰਗੀਤ ਵੱਲ ਰੁਚਿਤ ਹੋ ਰਹੀ ਹੈ ਪ੍ਰੰਤੂ ਇਸ ਸਭ ਕੁਝ ਦੇ ਬਾਵਜੂਦ ਅੱਜ ਵੀ ਵੱਡੇ-ਵੱਡੇ ਰਾਗੀਆਂ ਵੱਲੋਂ ਕੀਰਤਨ ਦੀ ਪ੍ਰੰਪਰਿਕ ਮਰਿਯਾਦਾ ਨੂੰ ਤਿਆਗ ਕੇ ਵਿਉਪਾਰਕ ਰੁਚੀਆਂ ਅਧੀਨ ਫਿਲਮੀ ਧੁਨਾਂ ਨੂੰ ਪਹਿਲ ਦਿਤੀ ਜਾ ਰਹੀ ਹੈ ਜਿਸ ਕਾਰਨ ਅਸੀਂ ਆਪਣੀ ਕੀਰਤਨ ਦੇ ਵਿਰਸੇ ਤੋਂ ਦੂਰ ਜਾ ਰਹੇ ਹਾਂ। ਅੱਜ ਲੋੜ ਹੈ ਕਿ ਗੁਰਮਤਿ ਸੰਗੀਤ ਦੇ ਪ੍ਰਚਾਰ ਤੇ ਪ੍ਰਸਾਰ ਦੀ ਲਹਿਰ ਨੂੰ ਸਿਖਰਾਂ 'ਤੇ ਪਹੁੰਚਾਉਣ ਦੀ।

❋ ❋ ❋ ❋ ❋ ❋



# ਸ੍ਰੀ ਗੁਰੂ ਗ੍ਰੰਥ ਸਾਹਿਬ : ਰਾਗ 'ਰਾਮਕਲੀ'

* ਡਾ. ਜਸਬੀਰ ਕੌਰ

ਰਾਮਕਲੀ ਬੜਾ ਪੁਰਾਤਨ ਅਤੇ ਪ੍ਰਸਿੱਧ ਰਾਗ ਹੈ। ਗ੍ਰੰਥਕਾਰਾਂ ਨੇ ਰਾਮਕਲੀ ਰਾਗ ਦਾ ਵਰਗੀਕਰਣ ਭੈਰਵ ਥਾਟ ਦੇ ਅੰਤਰਗਤ ਕੀਤਾ ਹੈ। ਰਾਗਾਂਗ ਪੱਧਤੀ ਦੇ ਪਗ ਚਿੰਨਾਂ 'ਤੇ ਚੱਲਣ ਵਾਲੇ ਸੰਗੀਤਕਾਰ ਵੀ ਇਸ ਨੂੰ ਭੈਰਵ ਅੰਗ ਦਾ ਰਾਗ ਮੰਨਦੇ ਹਨ ਪ੍ਰੰਤੂ ਵੀ.ਐਨ. ਭਾਤਖੰਡੇ ਨੇ ਰਾਮਕਲੀ ਰਾਗ ਦੀਆਂ ਚਾਰ ਪ੍ਰਕਾਰਾਂ ਅਤੇ ਬੀ.ਸੁਬਾ ਰਾਓ ਤਿੰਨ ਪ੍ਰਕਾਰਾਂ ਦਾ ਵਰਨਣ ਕਰਦੇ ਹਨ। ਇਨ੍ਹਾਂ ਵਿੱਚ ਕੇਵਲ 'ਮੇ'ਤੀਵਰ ਦੀ ਵਰਤੋਂ ਕਾਰਨ ਹੀ ਭਿੰਨਤਾ ਹੈ। ਇਥੇ ਅਸੀਂ ਵੱਖ-ਵੱਖ ਵਿਦਵਾਨਾਂ ਦੀ ਰਾਏ ਅਨੁਸਾਰ ਰਾਮਕਲੀ ਰਾਗ ਬਾਰੇ ਵਿਚਾਰ ਕਰਾਂਗੇ।

ਪਹਿਲੇ ਪ੍ਰਕਾਰ ਵਿੱਚ ਆੜਵ-ਸੰਪੂਰਨ ਜਾਥੀ ਦਾ ਰਾਮਕਲੀ ਹੈ, ਜਿਸਦਾ ਥਾਟ ਪੂਰਬੀ ਮੰਨਿਆ ਗਿਆ ਹੈ। ਇਸ ਵਿੱਚ ਭਾਤਖੰਡੇ ਨੇ 'ਮੇ' ਤੀਵਰ ਦੀ ਵਰਤੋਂ ਨਹੀਂ ਕੀਤੀ ਸ ਗ ਮ ਪ ਧੁ ਸਂ, ਸਂ ਨੀ ਧੁ ਪ ਮ ਗ ਰੁ ਸ ਜਦਕਿ ਸੁਬਾ ਰਾਓ ਨੇ 'ਮੇ' ਤੀਵਰ ਦੀ ਵਰਤੋਂ ਕੀਤੀ ਹੈ। ਸ ਗ ਮ ਪ ਧੁ ਸਂ/ ਸਂ ਨੀ ਧੁ ਪ, ਮੇ ਪ ਧੁ ਨੁੀ ਧੁ ਪ, ਗ ਮ ਗ ਰੁ ਸ ਪਰ ਅੱਜ ਇਸ ਪ੍ਰਕਾਰ ਦੀ 'ਰਾਮਕਲੀ' ਦਾ ਪ੍ਰਚਾਰ ਨਹੀਂ ਹੈ।

ਦੂਜੇ ਪ੍ਰਕਾਰ ਦਾ ਰਾਮਕਲੀ ਸੰਪੂਰਨ ਜਾਤੀ ਦਾ ਮੰਨਿਆ ਗਿਆ ਹੈ। ਇਸ ਵਿੱਚ 'ਮੇ' ਤੀਵਰ ਅਤੇ ਕੋਮਲ ਨੀ ਦੀ ਵਰਤੋਂ ਨਹੀਂ ਕੀਤੀ ਗਈ। ਇਹ ਸਰੂਪ ਭੈਰਵ ਰਾਗ ਦੇ ਸਮਾਨ ਦਿਸਦਾ ਹੈ। ਪਰ ਗੁਣੀ ਜਨ ਇਸ ਨੂੰ ਭੈਰਵ ਤੋਂ ਅਲੱਗ ਕਰਦੇ ਹਨ ਕਿ ਭੈਰਵ ਮੰਦ੍ਰ ਅਤੇ ਮੱਧ ਵਿੱਚ ਵਿਸਤਾਰਤ ਹੁੰਦਾ ਹੈ ਅਤੇ ਰਾਮਕਲੀ ਮੱਧ ਅਤੇ ਤਾਰ ਸਪਤਕ ਵਿੱਚ ਵਿਸਤਾਰ ਕੀਤਾ ਜਾਂਦਾ ਹੈ। ਦੂਸਰਾ ਭੈਰਵ ਦੀ ਤਰ੍ਹਾਂ ਰੁ ਧੁ ਅੰਦੋਲਤ ਲਈ ਕੀਤੇ ਜਾਂਦੇ ਹਨ ਅਤੇ ਪੰਚਮ ਤੇ ਨਿਆਸ ਕੀਤਾ ਜਾਂਦਾ ਹੈ, ਪਰ ਅੱਜ ਕੱਲ ਇਹ ਵੀ ਪ੍ਰਚੱਲਿਤ ਨਹੀਂ।

ਤੀਜੀ ਪ੍ਰਕਾਰ ਬਾਰੇ ਭਾਤਖੰਡੇ ਨੇ ਸਪਸ਼ਟ ਕੀਤਾ ਹੈ। ਇਸ ਵਿੱਚ ਦੋਨੋਂ ਗੰਧਾਰਾਂ ਦੀ ਵਰਤੋਂ ਕੀਤੀ ਜਾਂਦੀ ਹੈ, ਪਰ ਇਹ ਪ੍ਰਕਾਰ ਬਿਲਕੁਲ ਵੀ ਪ੍ਰਚਾਰ ਵਿੱਚ ਨਹੀਂ ਹੈ।

ਚੌਥੇ ਪ੍ਰਕਾਰ ਦਾ ਰਾਗ ਰਾਮਕਲੀ ਜੋ ਕਿ ਅੱਜ ਸਾਰੇ ਗ੍ਰੰਥਾਂ ਅਤੇ ਸੰਗੀਤਕਾਰਾਂ ਵਿੱਚ ਪ੍ਰਚੱਲਿਤ ਹੈ। ਸੰਪੂਰਨ ਜਾਤੀ ਜਾਂ ਵਕਰ ਸਾੜਣ ਲਈ ਸੰਪੂਰਨ ਜਾਤੀ ਦਾ ਰਾਗ ਹੈ ਜਿਸ ਵਿੱਚ ਰੁ ਧੁ ਕੋਮਲ ਦੋਵੇਂ ਮੱਧਿਅਮ ਅਤੇ ਦੋਵੇਂ ਨਿਸ਼ਾਦਾ ਦੀ ਵਰਤੋਂ ਕੀਤੀ ਜਾਂਦੀ ਹੈ। ਇਸੇ ਤਰ੍ਹਾਂ ਕੁਝ ਹੋਰ ਵਿਦਵਾਨ ਜਿਸ ਤਰ੍ਹਾਂ ਭਾਤਖੰਡੇ, ਵੀ.ਆਰ.ਪਰਵਰਧਨ ਅਤੇ ਕ੍ਰਿਸਨ ਰਾਓ ਇਸ ਰਾਗ ਦੀ ਸੰਪੂਰਨ ਜਾਤੀ ਮੰਨਦੇ ਹਨ, ਦੂਸਰੇ ਪਾਸੇ ਪੰਡਤ ਓਂਕਾਰਨਾਥ ਠਾਕੁਰ ਸਾੜਵ ਮੰਨਦੇ ਹਨ।

ਸਾਡੇ ਸੰਗੀਤ ਦੇ ਸੰਸਕ੍ਰਿਤ ਗ੍ਰੰਥਾਂ ਵਿੱਚ ਰਾਮਕਲੀ, ਰਾਮਕੇਲੀ, ਰਾਮਕ੍ਰਿਤ, ਰਾਮਕ੍ਰਿਆ, ਰਾਮਕਿਰੀ, ਰਾਮਕਰੀ ਅਨੇਕਾਂ ਨਾਮ ਮਿਲਦੇ ਹਨ। ਜਿਸ ਤੋਂ ਪਤਾ ਲਗਦਾ ਹੈ। ਸਾਡੇ ਸੰਗੀਤਕਾਰਾਂ ਅਤੇ ਗ੍ਰੰਥਾਕਾਰਾਂ ਨੇ ਇਸ ਦਾ ਨਾਮ ਬਦਲਿਆ ਹੈ। ਪਰ ਅੱਜ ਜੋ ਨਾਮ ਪ੍ਰਚੱਲਿਤ ਹੈ। ਉਹ ਰਾਮਕਲੀ ਰਾਗ ਹੀ ਪ੍ਰਚੱਲਿਤ ਹੈ।

[1]ਇਹ ਦੂਸਰੇ ਪ੍ਰਕਾਰ ਦਾ ਰਾਮਕਲੀ ਪੰਜਾਬ ਦੇ ਸਿੱਖ ਰਬਾਬ੍ਰੀਆਂ ਵਿੱਚ ਪ੍ਰਸਿੱਧ ਸੀ, ਤੇ ਹੈ, ਅਤੇ ਉਹ ਇਸ ਨੂੰ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਆਇਆ ਉਤਰੀ ਰਾਮਕਲੀ ਕਹਿੰਦੇ ਹਨ ਅਤੇ ਜਿਸ ਵਿੱਚ ਦੋਨੋ ਮੱਧਿਅਮ ਦੋਨੋਂ ਨਿਸ਼ਾਦ ਲੱਗਦੇ ਹਨ ਉਸ ਨੂੰ ਦੱਖਣੀ ਰਾਮਕਲੀ ਅਖਦੇ ਹਨ ਅਤੇ

* ਪੰਜਾਬੀ ਭਾਸ਼ਾ ਵਿਕਾਸ ਵਿਭਾਗ ਪੰਜਾਬੀ ਯੂਨੀਵਰਸਿਟੀ, ਪਟਿਆਲਾ

1. ਸੰਗੀਤ ਕੋਮੁਦੀ, ਭਾਗ ਤੀਜਾ, ਸਫਾ 104.

ਰਾਮਕਲੀ (ਉਤਰੀ) ਅਤੇ ਦੱਖਣੀ ਦੇ ਇਸ ਤਰ੍ਹਾਂ ਪ੍ਰਕਾਰ ਪ੍ਰਚਾਰ ਮੰਨੇ ਜਾਂਦੇ ਰਹੇ ਹਨ। ਰਾਮਕਲੀ ਰਾਗ ਸਾਧਾਰਨ ਪ੍ਰਕਿਰਤੀ ਦਾ ਸਵੇਰ ਦਾ ਸੰਧੀ ਪ੍ਰਕਾਸ਼ ਰਾਗ ਮੰਨਿਆ ਗਿਆ ਹੈ। ਇਹ ਰਾਗ ਭੈਰਵ ਦੇ ਸਮਾਨ ਹੋਣ ਕਰਕੇ ਕੁਸ਼ਲ ਗਾਇਕ ਹੀ ਇਸ ਦਾ ਅਲੱਗ-ਅਲੱਗ ਸਰੂਪ ਪ੍ਰਗਟ ਕਰ ਸਕਦੇ ਹਨ। ਕੁਸ਼ਲ ਗਾਇਕ ਇਸ ਨੂੰ ਭੈਰਵ ਤਪੰ ਪਹਿਲਾਂ ਹੀ ਗਾਉਣਾ ਪਸੰਦ ਕਰਦੇ ਹਨ। ਸਮ-ਪ੍ਰਕ੍ਰਿਤਕ ਰਾਗਾਂ ਵਿੱਚ ਅਕਸਰ ਇਸ ਤਰ੍ਹਾਂ ਹੁੰਦਾ ਹੈ, ਪਰ ਫਿਰ ਵੀ ਕੁਝ ਨਿਯਮ ਐਸੇ ਹੁੰਦੇ ਹਨ ਜਿਸ ਨਾਲ ਰਾਗਾਂ ਦੀ ਆਪਣੀ ਅਲੱਗ-ਅਲੱਗ ਪਹਿਚਾਣ ਹੁੰਦੀ ਹੈ।

ਰਾਮਕਲੀ ਰਾਗ ਵਿੱਚ ਭੈਰਵ ਵਰਗੀ ਗੰਭੀਰਤਾ ਨਹੀਂ ਹੈ, ਕਿਉਂਕਿ ਰੇ ਧੁ ਵਰਤਣ ਵੇਲੇ ਇਹ ਸਵਰ ਅੰਦੋਲਤ ਨਹੀਂ ਕੀਤੇ ਜਾਂਦੇ। ਦੂਸਰਾ ਮ ਗ ਰੇ ਸ ਦੀ ਸੁੰਦਰ ਅਤੇ ਵਿਲੰਭਿਤ ਮੀਂਡ ਜੋ ਕਿ ਭੈਰਵ ਵਿੱਚ ਲਈ ਜਾਂਦੀ ਹੈ। ਰਾਮਕਲੀ ਵਿੱਚ ਮੀਂਡ ਨਾਲ ਨਹੀਂ ਲਿਆ ਜਾਂਦਾ। ਭੈਰਵ ਮੰਦਰ ਮੱਧ ਸਪਤਕ ਵਿੱਚ ਵਿਦਵਾਨ ਹੈ। ਜਦਕਿ ਰਾਮਕਲੀ ਮਧ ਅਤੇ ਤਾਰ ਸਪਤਕ ਵਿੱਚ ਵਿਦਵਾਨ ਹੁੰਦਾ ਹੈ।

ਰਾਮਕਲੀ ਰਾਗ ਵਿੱਚ ਪੰਚਮ ਸਵਰ ਤੇ ਨਿਆਸ ਦਾ ਬਹੁਤ ਮਹੱਤਵ ਹੈ। ਆਲਾਪ ਤਾਨਾਂ ਦਾ ਸਾਰਾ ਦਾਰੋਮਦਾਰ ਇਸੇ ਸਵਰ ਤੇ ਹੀ ਕੀਤਾ ਜਾਂਦਾ ਹੈ ਜੋ ਕਿ ਰਾਮਕਲੀ ਨੂੰ ਭੈਰਵ ਤੋਂ ਅਲੱਗ ਕਰਦੀ ਹੈ। ਜਿਸ ਤਰ੍ਹਾਂ "ਸ ਮ ਗ ਗ ਮ ਪ ਧੁ ਧੁ, ਪ, ਪ ਗ ਮ. ਰੇ ਸਾ, ਧੁ ਪ"।

ਕਈ ਵਿਦਵਾਨ ਸੰਗੀਤਕਾਰਾਂ ਅਨੁਸਾਰ ਤਾਂ ਰਾਮਕਲੀ ਦੀ ਗਤੀ ਕੁਝ ਅਧਿਕ ਚੰਚਲ ਰੱਖਣੀ ਚਾਹੀਦੀ ਹੈ ਜਿਸ ਨਾਲ ਰਾਗ ਦੀ ਗੰਭੀਰਤਾ ਘਟਦੀ ਹੈ। ਰਾਮਕਲੀ ਰਾਗ ਵਿੱਚ ਦੋਹਾਂ ਮਧਿਅਮਾਂ ਦਾ ਪ੍ਰਯੋਗ ਕੀਤਾ ਜਾਂਦਾ ਹੈ। ਇਸ ਰਾਗ ਵਿੱਚ ਤੀਵਰ ਮਧਿਅਮ ਦਾ ਪ੍ਰਯੋਗ ਬੜੀ ਖੂਬੀ ਨਾਲ ਕੀਤਾ ਜਾਂਦਾ ਹੈ। ਇਹ ਸਵਰ ਪੰਚਮ ਦੀ ਸੰਗਤੀ ਦੇ ਅਰੋਹ ਵਿੱਚ ਲਗਾਇਆ ਜਾਂਦਾ ਹੈ। ਕੁਝ ਵਿਦਵਾਨਾਂ ਦਾ ਕਹਿਣਾ ਹੈ ਤੀਵਰ 'ਮੇ' ਵਾਲਾ ਟੁਕੜਾ ਕਿਸੇ ਹੋਰ ਰਾਗ ਦਾ ਹੈ ਅਤੇ ਇਹ ਟੁਕੜਾ ਭੈਰਵ ਤੋਂ ਰਾਮਕਲੀ ਨੂੰ ਅਲੱਗ ਕਰਨ ਲਈ ਖਾਸ ਤੌਰ ਤੇ ਲਿਆ ਜਾਂਦਾ ਹੈ। ਵੈਸੇ ਤਾਂ ਤੀਵਰ ਮੱਧਿਅਮ ਆਰੋਹ ਵਿੱਚ ਲੈਣ ਨਾਲ ਰਾਗ ਦੇ ਸਾਧਾਰਨ ਨਿਯਮਾਂ ਵਿੱਚ ਅਸੰਬੰਧਤਾ ਉਤਪੰਨ ਹੋ ਜਾਂਦੀ ਹੈ। ਪ੍ਰੰਤੂ ਇਥੇ ਇਹ ਮੰਨ ਲੈਣਾ ਹੀ ਠੀਕ ਹੈ ਕਿ ਇਹ ਟੁਕੜਾ ਰਾਗ ਦੇ ਸਵਰੂਪ ਦਾ ਇੱਕ ਅਲੱਗ ਖੰਡ ਹੈ ਜੋ ਇਕ ਨਿਯਮਤ ਸਵਰ ਸਮੁਦਾਏ ਵਿੱਚ ਆਉਂਦਾ ਹੈ। ਦੂਸਰਾ ਉਤਰਾਗ ਪ੍ਰਧਾਨ ਰਾਗਾਂ ਦਾ ਸੰਪੂਰਨ ਪ੍ਰਗਟਾਅ ਜ਼ਿਆਦਾਤਰ ਅਵਰੋਹ ਵਿੱਚ ਹੀ ਦਿਖਾਈ ਦਿੰਦਾ ਹੈ। ਕਈ ਵਾਰ ਕੁਸਲ ਗਾਇਕ ਦੋਹਾਂ ਮੱਧਿਅਮਾਂ ਨੂੰ ਨਾਲ-ਨਾਲ ਜੋੜਕੇ ਤਾਨ ਲੈਂਦੇ ਹਨ। ਪਰ ਬਾਰ-ਬਾਰ ਕਰਨ ਵਾਲ ਇਹ ਰਾਗ ਵਿਗੜ ਸਕਦਾ ਹੈ।

ਰਾਮਕਲੀ ਦੀ ਤਰਾਂ ਸਵੇਰ ਦੇ ਸੰਧੀ ਪ੍ਰਕਾਸ਼ ਰਾਗ ਬਸੰਤ, ਲਲਿਤ ਵੀ ਹਨਮ ਪਰ ਇਨ੍ਹਾਂ ਵਿੱਚ ਤੀਵਰ ਮੱਧਿਅਮ ਦੀ ਪ੍ਰਧਾਨਤਾ ਰਹਿੰਦੀ ਹੈ। ਰਾਮਕਲੀ ਵਿੱਚ ਤੀਵਰ ਮੱਧਿਅਮ ਦੀ ਤੀਬਰਤਾ ਘੱਟ ਜਾਂਦੀ ਹੈ, ਜਦਕਿ ਸ਼ੁੱਧ ਮੱਧਿਅਮ ਦੀ ਬਹੁਤਤਾ ਵੱਧ ਜਾਂਦੀ ਹੈ। ਜਾਂ ਕਹਿ ਸਕਦੇ ਹਾਂ ਕਿ ਤੀਵਰ ਮੱਧਿਅਮ ਰਾਮਕਲੀ ਰਾਗ ਵਿੱਚ ਵਿਦਾ ਹੋਣ ਦੇ ਮਾਰਗ ਤੇ ਆ ਜਾਂਦਾ ਹੈ। ਕਿਉਂਕਿ ਇਸ ਤੋਂ ਬਾਹਦ ਸੁਧ ਮੱਧਿਅਮ ਵਾਲੇ ਰਾਗ ਹੀ ਗਾਏ ਵਜਾਏ ਹਨ। ਇਸੇ ਕਰਕੇ ਬਹੁਤੇ ਸੰਗੀਤਕਾਰ ਭੈਰਵ ਨੂੰ ਰਾਮਕਲੀ ਤੋਂ ਬਾਹਦ ਹੀ ਗਾਇਨ ਕਰਨਾ ਪਸੰਦ ਕਰਦੇ ਹਨ। [2]ਰਾਮਕਲੀ ਰਾਗ ਭੈਰਵ ਦਾ ਅੰਗ ਹੋਣ ਕਰਕੇ ਇਸ ਦਾ ਥਾਟ 'ਮਾਲਵ ਗੋੜ' ਮੰਨਿਆ ਗਿਆ। ਰਾਗ ਲਕਸ਼ਣਕਾਰ ਵਿੱਚ ਲਿਖਿਆ ਹੈ,

ਮਾਇਆ ਮਾਲਵ ਗੋੜਾ ਖਅ ਮੇ ਲਾਜਤ: ਸੁਨਾਮਕ।

2. ਭਾਤਖੰਡੇ ਸੰਗੀਤ ਸ਼ਾਸਤਰ



ਰਾਗੋ ਰਾਮਕਲੀ ਸ਼ਚੈਵਸ ਨਿਆਸ ਸ਼ਾਸ਼ਕ ਧਰੁਵਮ।

ਆਰੋਹੀ ਮਨੀ ਵਰਜਅ ਚਾਯਅਵਰੋਹ ਸਮਗ੍ਰਕਮ॥

ਇੱਕ ਸਵਾਲ ਪੈਦਾ ਹੁੰਦਾ ਹੈ ਕਿ ਰਾਮਕਲੀ ਰਾਗ ਵਿੱਚ ਤੀਵਰ 'ਮੇ' ਦਾ ਕਦੋਂ ਪ੍ਰਵੇਸ਼ ਹੋਇਆ। ਇਸ ਬਾਰੇ ਅੱਜ ਤੱਕ ਕੋਈ ਰੌਸ਼ਨੀ ਨਹੀਂ ਪਾ ਸਕਿਆ, ਪਰ ਇਸਦਾ ਉਤਰ ਜ਼ਰੂਰ ਦਿੱਤਾ ਜਾ ਸਕਦਾ ਹੈ ਕਿ ਤੀਬਰ ਮੱਧਿਅਮ ਕਿਉਂ ਸਮਲਿਤ ਕੀਤਾ ਗਿਆ ਕਿਉਂਕਿ ਜੋ ਰਾਗ ਰਾਤਰੀ ਦੇ ਮੰਨੇ ਗਏ ਉਨ੍ਹਾਂ ਵਿੱਚ ਤੀਬਰ ਮੱਧਿਅਮ ਦੀ ਸ਼ਮੂਲੀਅਤ ਕੀਤੀ ਗਈ ਜਿਸ ਤਰ੍ਹਾਂ ਪੂਰਵੀ, ਗੋਰੀ ਪਰਜ ਬਸਮਤ ਲਲਿਤ ਆਦਿਕ। ਇਹ ਸਾਰੇ ਮਾਲਵਗੜ ਥਾਟ ਦੇ ਅੰਤਰਗਤ ਰੱਖੇ ਗਏ ਹਨ। ਪਹਿਲਾ ਇਹਨਾਂ ਵਿੱਚ ਤੀਵਰ ਮੱਧਿਅਮ ਦੀ ਸਮੂਲੀਅਤ ਨਹੀਂ ਸੀ, ਪਰ ਅੱਜ ਕੱਲ੍ਹ ਪੂਰਨ ਰੂਪ ਵਿੱਚ ਪ੍ਰਚਲਤ ਹੈ।

[3]Autually, i feel that, Althuogh 'Ramkali' movements are half-way between Bhairva and Kalingada, there is undoubtly a Kalingada dominance.

Komala *ਨੀ* and Tivram *ਮੇ* come in the phrase : ਮੇਪਧੁਨ੍ਹੀਧੁਪ which is the identifiying the phrase of Ramkali.

In conclusion, obsolete types apart the formula of Ramkali is [Bhairav with a Kalingra spirit and with ਮੇ ਪ ਧੁ ਨ੍ਹੀ ਧੁ ਨ੍ਹੀ ਧੁ ਪ]

**ਵਾਦੀ ਸਵਰ:** [4]ਕਈ ਵਿਦਵਾਨ ਇਸ ਰਾਗ ਦਾ ਵਾਦੀ ਸਵਰ ਪੰਚਮ ਮੰਨਦੇ ਹਨ ਪ੍ਰੰਤੂ ਸ਼ਾਸਤਰ ਦੀ ਛਿਮਟੀ ਤੋਂ ਜੋ ਭਾਵ ਵਾਦੀ ਤੇ ਸੰਵਾਦੀ ਸੁਰ ਵਿੱਚ ਹੋਣਾ ਚਾਹੀਦਾ ਹੈ ਉਹ ਪੰਚਮ ਤੇ ਰਿਸ਼ਭ ਕੋਮਲ ਵਿੱਚ ਨਹੀਂ ਹੈ। ਇਸ ਲਈ ਧੈਵਤਵਾਦੀ ਸਵਰ ਮੰਨਣਾ ਵਧੇਰੇ ਉਚਿਤ ਹੈ। ਕੁਝ ਸੰਗੀਤਵੇਦਾ ਪੰਚਮਵਾਦੀ ਤੇ ਸੁੜਜ ਸੰਵਾਦੀ ਵੀ ਮੰਨਦੇ ਹਨ।

[5]V.N. Bhatkhande recognises the possibility of different vadits in Ramkali: either ਧੁ-ਰੇ ਜਾਂ ਪ-ਰੇ and V.R. Patwardhan says, ਪ-ਸ

[6]ਇਸ ਵਿੱਚ 'ਪ' ਵਾਦੀ ਤੇ 'ਰੇ' ਸੰਵਾਦੀ ਹੈ। ਕੁਝ ਲੋਕ ਇਸ 'ਧ' ਮੰਨਦੇ ਹਨ। ਪਰ ਦੋਨੋਂ 'ਮੱਧਿਆ' ਅਤੇ ਦੋਨੋ ਨਿਸ਼ਾਦ ਪ੍ਰਯੋਗ ਕੀਤੇ ਜਾਣ ਵਾਲੇ ਰਾਮਕਲੀ ਵਿੱਚ 'ਪ' ਵਾਦੀ ਵਧੇਰੇ ਠੀਕ ਪ੍ਰਤੀਤ ਹੁੰਦਾ ਹੈ। ਇਸ ਲਈ ਇਸ ਵਿੱਚ 'ਪ' ਹੀ ਵਾਦੀ ਮੰਨਣਾ ਚਾਹੀਦਾ ਹੈ।

**ਸਵਰ ਸਥਾਨ:**

| | |
|---|---|
| ਸ | ਬਹੁਤੱਤਵ ਅਲੰਘਨ |
| ਰੇ | ਬਹੁਤੱਤਵ ਲੰਘਨ |
| ਗ | ਬਹੁਤੱਤਵ |
| ਮ | ਬਹੁਤੱਤਵ ਅਲੰਘਨ |

3. A Comparative Study by Patric Moutel
4. ਸੰਗੀਤ ਕੌਮੁਦੀ ਵਿਕ੍ਰਮਾਦਿਤ ਸਿੰਘ
5. ਤਾਰਾ ਸਿੰਘ (ਪ੍ਰੋ.) ਵਾਦਨ ਕਲਾ
6. Patric Moutel : Comparative Studies of Selected Hindustani Ragas.

| | |
|---|---|
| ਪ | ਨਿਆਸ, ਬਹੁਤੱਤਵ ਅਲੰਘਨ |
| ਧੁ | ਬਹੁਤੱਤਵ ਅਲੰਘਨ |
| ਨੀ | ਬਹੁਤੱਤਵ ਅਲੰਘਨ |

[7]ਪੁਰਾਣੇ ਸਿੱਖ ਸ੍ਰੀ ਆਨੰਦ ਸਾਹਿਬ ਦਾ ਪਾਠ ਅਤੇ ਟਿਕੇ ਦੀ ਵਾਰ ਅਤੇ ਹੋਰ ਰਾਮਕਲੀ ਦੀਆਂ ਵਾਰਾਂ ਨੂੰ ਭੈਰਵ ਥਾਟ ਵਿੱਚ ਹੀ ਔੜਵ ਸੰਪੂਰਨ ਕਰਕੇ ਗਾਉਂਦੇ ਹਨ ਅਤੇ ਤੀਵਰ 'ਮੇ' ਅਤੇ ਕੋਮਲ 'ਨੀ' ਦਾ ਪ੍ਰਯੋਗ ਕਦੀ ਵੀ ਨਹੀਂ ਕਰਦੇ ਸਨ। ਇਹ ਰਿਵਾਜ 'ਮੇ' ਤੀਵਰ ਅਤੇ ਨੀ ਕੋਮਲ ਦਾ ਕੇਵਲ 1947 ਦੇ ਭਾਰਤ ਬਟਵਾਰੇ ਦੇ ਪਿਛੋਂ ਹੀ ਪੰਜਾਬ ਵਿੱਚ ਭਾਤਖੰਡੇ ਦੇ ਸੰਗੀਤ ਪ੍ਰਚਾਰ ਕਰਕੇ ਪ੍ਰਚੱਲਿਤ ਹੋਣ ਲਗ ਪਿਆ। ਰਾਮਕਲੀ, ਗੁਣਕਲੀ, ਭਉਕਲੀ ਆਦਿਕ ਚੇ ਕਲੀਆਂ ਸੰਗੀਤਕਾਰ ਮੰਨਦੇ ਹਨ।

[8]ਰਾਮਕਲੀ (ਸੰਪ. ਭੈਰਵੀ) ਵਿਭਾਸ ਹਿੰਡੋਲ ਕੇ ਮੇਲ ਸੇ ਬਨੀ ਰਾਗਨੀ ਹੈ।

[9]ਅਸਲ ਵਿੱਚ ਰਾਮਕਲੀ ਦੇ ਤਿੰਨ ਭੇਦ ਮਿਲਦੇ ਹਨ। ਔੜਨ ਸੰਪੂਰਨ, ਸੰਪੂਰਨ ਅਤੇ ਦੋਨੋਂ ਨਿਸ਼ਾਦਾਂ ਦਾ (ਜਿਸ ਨੂੰ ਦੱਖਣੀ) ਕਿਹਾ ਜਾਂਦਾ ਹੈ। ਇਸ ਨਾਲੋਂ ਵੀ ਇੱਕ ਅਪ੍ਰਚੱਲਿਤ ਰੂਪ ਦੋਨੋਂ ਗੰਧਾਰਾਂ ਦਾ ਵੀ ਹੈ। ਇਹ ਰਾਗ ਭੈਰਵ ਅਤੇ ਕਲਿੰਗੜਾ ਨਾਲ ਮਿਲਦਾ ਜੁਲਦਾ ਹੈ।

[10]ਰਾਮਕਲੀ ਸੰਬੀਧੀ ਗੁਰੂ ਸਾਹਿਬ ਦਾ ਫੁਰਮਾਨ ਹੈ:

**ਰਾਮਕਲੀ ਰਾਮੁ ਮਨਿ ਵਸਿਆ ਤਾ ਬਨਿਆ ਸੀਗਾਰੁ॥ (ਅੰਗ ੯੫੦)**

[11]ਗੁਰਮਤਿ ਸੰਗੀਤ ਦੇ ਪਰਾਧਿਕਾਰੀ ਡਾ. ਚਰਨ ਸਿੰਘ ਜੀ ਨੇ ਇਸ ਰਾਗ ਬਾਰੇ ਵਿਚਾਰ ਸਾਡੀ ਰੁਚੀ ਵਿੱਚ ਵਿਸ਼ੇਸ਼ ਵਾਧਾ ਕਰਨਗੇ। ਗੁਰਮਤਿ ਸੰਗੀਤ ਅਨੁਸਾਰ ਇਹ ਭਿੰਨ ਰਾਗਣੀ ਹੈ। ਸ਼ੰਕਰਾਭਰਨ, ਅਡਾਨਾ, ਸੋਰਠਿ ਮਿਲੇ ਤੇ ਬਣਦੀ ਹੈ ਪਰ ਹੋਰਨਾਂ ਮਤਾਂ ਵਿੱਚ ਜੇਹਾ ਕੁ ਭਰਤ ਮਤ ਵਿੱਚ ਹਿਡੋਲ ਦੀ ਰਾਗਣੀ ਹੈ, ਹਿਡੋਲ ਛਾਇਆ ਸਮੇਤ ਹੈ। ਹਨੁਮਾਨ ਮਤ ਵਿਚ ਸਿਰੀ ਰਾਗ ਦੀ ਰਾਗਣੀ ਮੰਨੀ ਜਾਂਦੀ ਹੈ। ਕਿਸ ਰਾਗ ਦੀ ਰਾਗਣੀ ਹੈ? ਸਪੱਸ਼ਟ ਨਹੀਂ।

[12]ਗੁਰਮਤਿ ਸੰਗੀਤ ਵਿੱਚ ਇਸ ਦਾ ਸਰਬ ਪ੍ਰਵਾਣਿਤ ਸਰੂਪ ਇਸ ਤਰ੍ਹਾਂ ਹੈ :

| | |
|---|---|
| ਆਰੋਹ | ਸ ਗ ਮ ਪ ਧੁ ਨੀ ਸਂ |
| ਅਵਰੋਹ | ਸਂ ਨੀ ਧੁ ਪ, ਮੇ ਪ ਧੁ ਨੁੀ ਧੁ ਪ, ਗ ਮ ਰੁੇ ਸ |
| ਥਾਟ | ਭੈਰਵ |
| ਵਾਦੀ | ਧੈਵਤ |
| ਸੰਵਾਦੀ | ਰਿਸ਼ਭ |
| ਸਮਾਂ | ਸਵੇਰ ਦਾ ਪਹਿਲਾ ਪਹਿਰ |

❋ ❋ ❋ ❋ ❋ ❋

7. ਵਾਦਨ ਸਾਗਰ ਮ੍ਰਿਗੇਂਦਰ ਸਿੰਘ ਪੰਨਾ 560
8. ਤਾਰਾ ਸਿੰਘ ਨਰੋਤਮ ਗੁਰੂ ਗਿਰਧਾਰਥ ਕੋਸ਼
9. ਵਾਦਨ ਸਾਗਰ ਮ੍ਰਿਗੇਂਦਰ ਪੰਨਾ
10. ਤਾਰਾ ਸਿੰਘ (ਪ੍ਰੋ.) ਸ੍ਰੀ ਗੁ.ਗ੍ਰ.ਸਾ. ਰਾਗ ਰਤਨਾਵਲੀ ਪੰਨਾ 62
11. ਗੁਰਮਤਿ ਸੰਗੀਤ ਹੁਣ ਤੱਕ ਮਿਲੀ ਖੋਜ ਪੰਨਾ 27
12. ਗੁਰਨਾਮ ਸਿੰਘ (ਡਾ.) ਗੁਰਮਤਿ ਸੰਗੀਤ ਪ੍ਰਬੰਧ ਤੇ ਪਸਾਰ ਪੰਨਾ 112



# ਆਹਾਰ ਵਿਹਾਰ

*ਵਿਸਮਾਦੁ ਨਾਦ ਬਿਊਰੋ*

- **ਆਹਾਰ**

ਪਿਆਰੇ ਪਾਠਕੋ ਇਹ ਸੁੰਦਰ ਕਾਇਆ ਤਾਂ ਹੀ ਨਿਰੋਗ ਰਹਿ ਸਕਦੀ ਹੈ ਜੇਕਰ ਆਹਾਰ ਵਿਹਾਰ ਨਿਯਮਿਤ ਢੰਗ ਨਾਲ ਕੀਤਾ ਜਾਵੇਗਾ। ਉਚਿਤ ਅਤੇ ਨਿਸ਼ਚਿਤ ਸਮੇਂ ਤੇ ਕੀਤਾ ਆਹਾਰ ਹੀ ਠੀਕ ਢੰਗ ਨਾਲ ਹਜ਼ਮ ਹੋ ਕੇ ਸਰੀਰ ਨੂੰ ਲਾਭ ਪਹੁੰਚਾ ਸਕਦਾ ਹੈ ਪਰ ਅਜੋਕੇ ਸਮੇਂ ਵਿੱਚ ਹਾਲਾਤਾਂ ਨਾਲ ਸਮਝੌਤਾ ਕਰਕੇ ਫੁਰਸਤ ਮਿਲਣ ਤੇ ਖਾਣਾ ਖਾਣ ਵਾਲੇ ਨਾ ਤਾਂ ਸਰੀਰਕ ਤੌਰ 'ਤੇ ਤੰਦਰੁਸਤ ਰਹਿ ਸਕਦੇ ਹਨ ਅਤੇ ਨਾ ਹੀ ਮਾਨਸਿਕ ਤੌਰ 'ਤੇ ਖੁਸ਼ੀ ਮਹਿਸੂਸ ਕਰ ਸਕਦੇ ਹਨ। ਭੋਜਨ ਗ੍ਰਹਿਣ ਕਰਨ ਵਿੱਚ ਅਨਿਸ਼ਚਿਤਤਾ ਆਉਣ ਕਾਰਨ ਜਿਥੇ ਵੱਖ-ਵੱਖ ਤਰ੍ਹਾਂ ਦੇ ਰੋਗ ਉਤਪੰਨ ਹੋ ਜਾਂਦੇ ਹਨ ਉਥੇ ਪੇਟ ਖਰਾਬ, ਗੈਸ, ਕਬਜ਼, ਐਸੀਡੀਟੀ, ਹਾਈਬਲੱਡ ਪ੍ਰੈਸ਼ਰ, ਸਿਰ ਦਰਦ, ਜੋੜਾਂ ਦੇ ਦਰਦ ਆਦਿ ਬੀਮਾਰੀਆਂ ਵੀ ਆ ਘੇਰਾ ਪਾਉਂਦੀਆਂ ਹਨ।

ਆਹਾਰ ਦੇ ਮਾਮਲੇ ਵਿੱਚ ਅਜੋਕੇ ਯੁੱਗ ਅੰਦਰ ਇਕ ਨਵਾਂ ਦੌਰ ਚੱਲਿਆ ਹੋਇਆ ਹੈ, ਉਹ ਹੈ 'ਫਾਸਟ ਫੂਡ' ਯਾਨੀ ਫਟਾਫਟ ਖਾਣਾ। ਆਯੁਰਵੈਦਿਕ ਅਤੇ ਹੋਰ ਸਿਹਤ ਮਾਹਿਰ ਸਲਾਹ ਦਿੰਦੇ ਹਨ ਕਿ ਭੋਜਨ ਦੀ ਹਰ ਗ੍ਰਾਹੀ ਨੂੰ ਘੱਟੋ-ਘੱਟ 32 ਵਾਰ ਚਬਾ ਕੇ ਹੀ ਅੰਦਰ ਲੰਘਾਉਣਾ ਚਾਹੀਦਾ ਹੈ ਤਾਂ ਕਿ ਮੂੰਹ ਦੇ ਲਲਾਰਸ ਵਿੱਚ ਜੋ ਪਾਚਕ ਤੱਤ ਹੁੰਦੇ ਹਨ ਉਹ ਪੂਰੀ ਤਰ੍ਹਾਂ ਭੋਜਨ ਵਿੱਚ ਮਿਲ ਜਾਣ ਜਿਸ ਨਾਲ ਪਾਚਣ ਪ੍ਰਣਾਲੀ ਠੀਕ ਤਰੀਕੇ ਨਾਲ ਆਪਣਾ ਕਾਰਜ ਕਰ ਸਕੇ ਅਤੇ ਖਾਧਾ ਹੋਇਆ ਭੋਜਨ ਪੂਰੀ ਤਰ੍ਹਾਂ ਹਜ਼ਮ ਹੋ ਸਕੇ। ਦੂਸਰਾ ਇਹ ਕਿ ਦੰਦਾਂ ਦਾ ਕੰਮ ਆਂਤੜੀਆਂ ਨੂੰ ਨਾ ਕਰਨਾ ਪਵੇ ਅਤੇ ਕਬਜ਼ ਵਰਗੀ ਨਾ ਮੁਰਾਦ ਬੀਮਾਰੀ ਨੂੰ ਵੀ ਘਰ ਤੋਂ ਦੂਰ ਰੱਖਿਆ ਜਾ ਸਕੇ।

ਪਰ ਆਹ! ਕਥਿਤ ਮਾਡਰਨ ਜ਼ਮਾਨਾ ਜੋ ਪੱਛਮੀ ਦੇਸਾਂ ਦੇ ਸੱਭਿਆਚਾਰ ਨੂੰ ਜ਼ਬਰਦਸਤੀ ਆਪਣੇ ਗਲ ਪਾ ਰਿਹਾ ਹੈ। ਪੱਛਮੀ ਸੱਭਿਆਚਾਰ ਰਾਹੀਂ ਭਾਰਤ ਵਿੱਚ ਆਈ ਫੈਸ਼ਨਪ੍ਰਸਤੀ, ਬਦਲਾਅ ਪ੍ਰਸਤੀ ਅਤੇ ਹਰ ਮਾਮਲੇ ਵਿੱਚ ਜਲਦਬਾਜ਼ੀ ਕਰਨ ਦੀ ਪ੍ਰੇਰਨਾ ਨੇ ਸਾਡੇ ਸ਼ਾਂਤੀਪੂਰਵਕ ਵਾਤਾਵਰਨ ਨੂੰ ਤਹਿਸ-ਨਹਿਸ ਕਰਕੇ ਰੱਖ ਦਿੱਤਾ। ਸ਼ਾਇਦ ਇਸੇ ਕਾਰਨ ਆਸਣ 'ਤੇ ਬੈਠ ਕੇ ਸ਼ਾਂਤਮਈ ਢੰਗ ਨਾਲ ਭੋਜਨ ਕਰਨਾ ਆਊਟ ਆਫ ਡੇਟ ਹੋ ਗਿਆ ਹੈ। ਇਸ ਵਿਚਾਰਧਾਰਾ ਦੇ ਹਮਾਇਤੀਆਂ ਦਾ ਕਹਿਣਾ ਹੈ ਕਿ ਸਾਡੇ ਕੋਲ ਤਾਂ ਮਰਨ ਤੱਕ ਦੀ ਵਿਹਲ ਨਹੀਂ, ਤੁਸੀਂ ਸ਼ਾਂਤੀਪੂਰਵਕ ਆਸਣ 'ਤੇ ਬੈਠ ਕੇ ਭੋਜਨ ਗ੍ਰਹਿਣ ਕਰਨ ਦੀ ਗੱਲ ਕਰ ਰਹੇ ਹੋ। ਜੇ ਅਜਿਹੇ ਲੋਕਾਂ ਨੂੰ ਵਾਰ-ਵਾਰ ਆਪਣੀ ਗੱਲ ਸਮਝਾਉਣ ਦੀ ਕੋਸ਼ਿਸ਼ ਕਰੀਏ ਤਾਂ ਇਹ ਲੋਕ ਇਹੋ ਕਹਿਣਗੇ ਕਿ ਤੁਹਾਡੀ ਗੱਲ ਹਜ਼ਮ ਨਹੀਂ ਹੋ ਰਹੀ।

ਅਜੋਕੇ ਯੁੱਗ ਵਿੱਚ ਫਾਸਟਫੂਡ ਦੀ ਉਪਲਬਧੀ ਨੇ ਜਲਦਬਾਜ਼ੀ ਦੀ ਮਨੋਬਿਰਤੀ ਨੂੰ ਬੇਹੱਦ ਹੱਲਾਸ਼ੇਰੀ ਦਿੱਤੀ ਹੈ। ਜਿਥੇ ਫਾਸਟਫੂਡ ਨੂੰ ਲੋਕ ਸਮੇਂ ਦੀ ਬੱਚਤ ਕਰਨ ਦਾ ਜ਼ਰੀਆ ਮੰਨਦੇ ਹਨ ਉਥੇ ਫਾਸਟਫੂਡ ਦੀ ਵਰਤੋਂ ਨੂੰ ਫੈਸ਼ਨ ਵੀ ਮੰਨਿਆ ਜਾ ਰਿਹਾ ਹੈ। ਪਰ ਉਹ ਇਹ ਨਹੀਂ ਸੋਚਦੇ ਕਿ ਛੋਟੇ ਜਿਹੇ ਸੁਖ ਸੁਵਿਧਾ ਦੇ ਲਾਲਚ ਵਿੱਚ ਆ ਕੇ ਉਹ ਬਹੁਤ ਵੱਡੇ ਦੁੱਖ/ ਬੀਮਾਰੀਆਂ ਮੁੱਲ ਖਰੀਦ ਰਹੇ ਹਨ।ਤਾਜ਼ੇ ਜਲਦੀ ਪਚਣ ਵਾਲੇ ਸਵਾਦਿਸ਼ਟ ਭੋਜਨਾਂ ਨੂੰ ਤਿਆਗ ਕੇ ਫਾਸਟ ਫੂਡ ਦੇ ਡੱਬਿਆਂ 'ਚ ਪੈਕ ਬਾਸੀ ਅਤੇ ਗੁਣਹੀਣ ਭੋਜਨ ਲੈ ਰਹੇ ਹਨ ਪਰ ਇਨ੍ਹਾਂ ਫੈਸ਼ਨ ਪੱਟਿਆਂ ਨੂੰ ਇਹ ਜ਼ਰਾ ਵੀ ਖਿਆਲ ਨਹੀਂ ਆਉਂਦਾ ਕਿ ਇਸਦਾ ਉਨ੍ਹਾਂ ਦੇ ਸਰੀਰ ਅਤੇ ਸਿਹਤ 'ਤੇ ਕਿੰਨਾ ਕੁ ਬੁਰਾ ਪ੍ਰਭਾਵ ਪੈ

ਰਿਹਾ ਹੈ।

ਸਿਹਤ ਨਾਲ ਸਬੰਧਤ ਬਹੁਤ ਸਾਰੀਆਂ ਸਮੱਸਿਆਵਾਂ ਦਾ ਮੁੱਖ ਕਾਰਨ ਆਹਾਰ ਵਿਹਾਰ ਵਿੱਚ ਲਾਪਰਵਾਹੀ ਹੈ ਕਿਉਂਕਿ ਕੁਦਰਤ ਦੇ ਕੁਝ ਨਿਯਮ ਲਚਕੀਲੇ ਹਨ ਅਤੇ ਕੁਝ ਨਿਯਮ ਬਹੁਤ ਸਖ਼ਤ। ਲਚਕੀਲੇ ਨਿਯਮਾਂ ਤੋਂ ਭਾਵ ਜਦੋਂ ਤੁਹਾਨੂੰ ਭੁੱਖ ਲੱਗੇ, ਪਿਆਸ ਲੱਗੇ ਤੇ ਤੁਸੀਂ ਬਿਨਾਂ ਕੁਝ ਖਾਧੇ ਪੀਤੇ ਆਪਣੇ ਕੰਮ ਵਿੱਚ ਮਸਤ ਰਹੋ ਤੇ ਕੰਮ ਖ਼ਤਮ ਹੋਣ ’ਤੇ ਹੀ ਕੁਝ ਖਾਵੋ ਜਾਂ ਪਾਣੀ ਪੀਵੋ। ਇਹ ਅਕਾਲ ਪੁਰਖ ਦੀ ਬਖ਼ਸ਼ਿਸ਼ ਹੀ ਹੈ ਕਿ ਤੁਸੀਂ ਭੁੱਖ ਜਾਂ ਪਿਆਸ ਲੱਗਣ ਦੇ ਬਾਵਜੂਦ ਬਿਨਾਂ ਕੁਝ ਖਾਧੇ ਪੀਤਿਆਂ ਘੰਟਿਆਂ ਬੱਧੀ ਕੰਮ ਕ ਸਕਦੇ ਹੋ ਪ੍ਰੰਤੂ ਇਸ ਦੇ ਉਲਟ ਤੁਹਾਡੇ ਦੁਆਰਾ ਬਣਾਈ ਹੋਈ ਮੋਟਰਕਾਰ, ਸਕੂਟਰ ਪੈਟਰੋਲ ਖਤਮ ਹੋਣ ’ਤੇ ਦੋ ਕਦਮ ਵੀ ਨਹੀਂ ਚੱਲ ਸਕਦੇ। ਹਾਂ, ਤੁਸੀਂ ਉਸ ਨੂੰ ਖਿੱਚ ਕੇ, ਧੱਕਾ ਲਾ ਕੇ ਲਿਜਾ ਸਕਦੇ ਹੋ ਪਰ ਅਜਿਹੀ ਹਾਲਤ ਵਿੱਚ ਤੁਸੀਂ ਉਸ ਦੀ ਸਵਾਰੀ ਨਹੀਂ ਕਰ ਸਕਦੇ। ਫਿਰ ਤਾਂ ਮਸ਼ੀਨਰੀ ਹੀ ਤੁਹਾਡੇ ਨਾਲੋਂ ਚੰਗੀ ਹੋਈ!

ਭੁੱਖ-ਪਿਆਸ ਲੱਗਣ ਤੋਂ ਭਾਵ ਸਰੀਰ ਨੂੰ ਊਰਜਾ ਪੈਦਾ ਕਰਨ ਲਈ ਅੰਨ੍ਹ ਜਲ ਦੀ ਲੋੜ ਹੈ ਤੇ ਤੁਹਾਨੂੰ ਚਾਹੀਦਾ ਹੈ ਕਿ ਹਥਲੇ ਸਾਰੇ ਕੰਮ ਛੱਡ ਕੇ ਅੰਨ੍ਹ ਜਲ ਗ੍ਰਹਿਣ ਕਰੋ ਜਿਸ ਤੋਂ ਸ਼ਕਤੀ ਪ੍ਰਾਪਤ ਕਰਕੇ ਸਰੀਰ ਹੋਰ ਕੰਮ ਕਰਨ ਵਿੱਚ ਤੁਹਾਡਾ ਸਾਥ ਦੇ ਸਕੇ। ਅਜਿਹਾ ਅਕਸਰ ਦੇਖਣ ਵਿੱਚ ਆਇਆ ਹੈ ਕਿ ਲੋਕ ਕੰਮ ਵਿੱਚ ਰੁਝੇ ਹੋਏ ਹੋਣ ਕਾਰਨ ਨਿਸ਼ਚਿਤ ਸਮੇਂ ’ਤੇ ਖਾਣ ਪਾਣ ਨਹੀਂ ਕਰਦੇ। ਇਸ ਨੂੰ ਉਹ ਇੱਕ ਫਾਲਤੂ ਕੰਮ ਵਜੋਂ ਲੈਂਦੇ ਹਨ। ਪਰ ਉਹ ਇਹ ਤਾਂ ਸੋਚਦੇ ਹੀ ਨਹੀਂ ਕਿ ਉਹ ਜਿਸ ਸਰੀਰ ਦੇ ਬਲਬੂਤੇ ’ਤੇ ਇੰਨੀ ਦੌੜ-ਭੱਜ ਅਤੇ ਦੁਨੀਆਂ ਭਰ ਦੇ ਕੰਮ ਕਰ ਰਹੇ ਹਨ, ਉਸ ਸਰੀਰ ਨੂੰ ਮਹੱਤਵ ਦੇਣ, ਉਸਦੀ ਕਦਰ ਕਰਨ ਅਤੇ ਉਸ ਨੂੰ ਸਮੇਂ ਸਿਰ ਭੋਜਨ ਦੇ ਕੇ ਉਸ ਦਾ ਸਨਮਾਨ ਕਰਨ। ਜੇ ਉਹ ਉਨ੍ਹਾਂ ਦਾ ਸਾਥ ਦੇਣ ਵਾਲੇ ਸਰੀਰ ਦੇ ਪੇਟ ਵਿੱਚ ਦੋ ਰੋਟੀਆਂ ਸਮੇਂ ਸਿਰ ਨਹੀਂ ਪਾ ਸਕਦੇ ਤਾਂ ਫਿਰ ਏਨੀ ਭੱਜ-ਦੌੜ ਉਹ ਕਿਸ ਲਈ ਕਰ ਰਹੇ ਹਨ। ਸ਼ਾਇਦ ਉਹ ਇਹ ਨਹੀਂ ਸਮਝਦੇ ਕਿ ਸੰਸਾਰ ਦੀਆਂ ਸੁਖ-ਸੁਵਿਧਾਵਾਂ ਦੀ ਵਰਤੋਂ ਤਾਂ ਹੀ ਕੀਤੀ ਜਾ ਸਕਦੀ ਹੈ ਜੇਕਰ ਸਰੀਰ ਸਿਹਤਮੰਦ ਹੋਵੇਗਾ, ਜੇ ਸਰੀਰ ਹੀ ਤੰਦਰੁਸਤ ਨਹੀਂ ਹੋਵੇਗਾ ਤਾਂ ਭਾਵੇਂ ਇਨਸਾਨ ਕੋਲ ਕਿੰਨੀਆਂ ਹੀ ਸੁਖ-ਸੁਵਿਧਾਵਾਂ ਅਤੇ ਧਨ ਸੰਪਦੀ ਹੋਵੇ ਸਭ ਵਿਅਰਥ ਸਿੱਧ ਹੁੰਦੀਆਂ ਹਨ ਕਿਉਂਕਿ ਉਹ ਵਿਅਕਤੀ ਉਨ੍ਹਾਂ ਦਾ ਲਾਭ ਹੀ ਨਹੀਂ ਉਠਾ ਸਕਦਾ। ਉਸ ਦੇ ਲਈ ਸੁਖ-ਸੁਵਿਧਾ ਨਾ ਹੋਣ ਦੇ ਬਰਾਬਰ ਹੁੰਦੀ ਹੈ। ਇੱਕ ਕਹਾਵਤ ਹੈ ਕਿ ਤੰਦਰੁਸਤ ਅਤੇ ਬਲਵਾਨ ਸਰੀਰ ਦੇ ਨਾਲ ਹੀ ਇਨਸਾਨ ਸਾਰੇ ਕਰਤੱਵਾਂ ਦਾ ਪਾਲਣ ਕਰ ਸਕਦਾ ਹੈ। ਇਸੇ ਲਈ ਕਿਹਾ ਗਿਆ ਹੈ ਸੰਸਾਰ ਦੇ ਸੱਤ ਸੁਖਾਂ ਵਿੱਚੋਂ ਪਹਿਲਾ ਸੁਖ ਨਿਰੋਗੀ ਕਾਇਆ ਨੂੰ ਮੰਨਿਆ ਗਿਆ ਹੈ। ਕੁਦਰਤ ਦੇ ਲਚਕੀਲੇਪਨ ਦਾ ਦੁਰ ਉਪਯੋਗ ਕਰਦੇ ਹਨ ਜਦੋਂ ਮਨੁੱਖ ਕੁਦਰਤ ਦੀ ਮਰਿਯਾਦਾ ਨੂੰ ਭੰਗ ਕਰਦਾ ਹੈ ਤਾਂ ਪ੍ਰਕਿਰਤੀ ਅਜਿਹਾ ਸਬਕ ਸਿਖਾਉਂਦੀ ਹੈ ਕਿ ਸ਼ੇਖੀ ਖੋਰਿਆਂ ਦੀਆਂ ਸਾਰੀਆਂ ਸ਼ੇਖੀਆਂ ਧਰੀਆਂ ਧਰਾਈਆਂ ਰਹਿ ਜਾਂਦੀਆਂ ਹਨ। ਇਸ ਲਈ ਪ੍ਰਕਿਰਤੀ ਦੀ ਮਰਿਯਾਦਾ ਭੰਗ ਨਹੀਂ ਕਰਨੀ ਚਾਹੀਦੀ। ਜਿਥੇ ਅਸੀਂ ਆਪਣੇ ਜੀਵਨ ਵਿੱਚ ਹੋਰ ਸੰਸਾਰਕ ਕੰਮ ਪੂਰੀ ਤਨ ਦੇਹੀ ਨਾਲ ਤਵੱਜੋਂ ਦੇ ਕੇ ਕਰਦੇ ਹਾਂ ਉਥੇ ਇਸ ਸਰੀਰ ਨੂੰ ਤੰਦਰੁਸਤ ਰੱਖਣ ਲਈ ਆਹਾਰ ਵਿਹਾਰ ਵੱਲ ਉਚੇਚਾ ਧਿਆਨ ਦੇਣਾ ਚਾਹੀਦਾ ਹੈ।

◆ **ਵਿਹਾਰ**

ਸਰਦੀ ਦੀ ਰੁੱਤ ਸਿਹਤ ਬਨਾਉਣ ਦੀ ਰੁੱਤ ਮੰਨੀ ਜਾਂਦੀ ਹੈ। ਇਸ ਰੁੱਤ ਵਿੱਚ ਖਾਧੀ ਹੋਈ ਖੁਰਾਕ ਸਰੀਰ ਨੂੰ ਰਿਸ਼ਟ-ਪੁਸ਼ਟ ਬਣਾਉਂਦੀ ਹੈ। ਇਸ ਲਈ ਇਸ ਮੌਸਮ ਨੂੰ ਵਿਅਰਥ ਨਹੀਂ



ਗਵਾਉਣਾ ਚਾਹੀਦਾ ਸਰੀਰ ਅਤੇ ਸਿਹਤ ਲਈ ਹਿਤਕਾਰੀ/ ਲਾਭਦਾਇਕ ਆਹਾਰ ਵਿਹਾਰ ਅਤੇ ਨਿਯਮਾਂ ਦੀ ਸਖ਼ਤੀ ਨਾਲ ਪਾਲਣਾ ਕਰਕੇ ਇਸ ਰੁੱਤ ਦਾ ਭਰਪੂਰ ਲਾਭ ਉਠਾਉਣਾ ਚਾਹੀਦਾ ਹੈ। ਇਸ ਰੁੱਤ ਵਿੱਚ ਸਿਹਤ ਬਨਾਉਣ ਅਤੇ ਤੰਦਰੁਸਤੀ ਦੀ ਨਿਆਮਤ ਪ੍ਰਾਪਤ ਕਰਨ ਲਈ ਕੁਝ ਜ਼ਰੂਰੀ ਨੁਕਤੇ ਇਸ ਪ੍ਰਕਾਰ ਹਨ :

1 ਸਰਦ ਰੁੱਤ ਵਿੱਚ ਭੁੱਖੇ ਰਹਿਣਾ ਯਾਨੀ ਭੋਜਨ ਦਾ ਸਮਾਂ ਹੋਣ ’ਤੇ ਜਾਂ ਭੁੱਖ ਲੱਗਣ ਤੇ ਵੀ ਭੋਜਨ ਨਾ ਕਰਨਾ ਅਤੇ ਦੇਰ ਰਾਤ ਤੱਕ ਜਾਗਦੇ ਰਹਿਣਾ, ਦੋਨੋ ਕੰਮ ਸਿਹਤ ਰੱਖਿਆ ਦੀ ਨਿਯਮਾਵਲੀ ਅਨੁਸਾਰ ਜੁਰਮ ਹਨ। ਇਹ ਜੁਰਮ ਕਰਨ ਤੋਂ ਬਚਣਾ ਚਾਹੀਦਾ ਹੈ। ਨਿਯਮਿਤ ਢੰਗ ਨਾਲ ਨਿਸ਼ਚਿਤ ਸਮੇਂ ’ਤੇ ਆਹਾਰ-ਵਿਹਾਰ ਨਾ ਕਰਨਾ, ਆਪਣੇ ਸਰੀਰ ਅਤੇ ਸਿਹਤ ਨਾਲ ਦੁਸ਼ਮਣੀ ਕਰਨਾ ਹੀ ਹੈ ਜੋ ਭਵਿੱਖ ਵਿੱਚ ਜੀਵਨ ਨੂੰ ਦੁੱਖਾਂ ਦਾ ਸਾਗਰ ਬਨਾਉਣ ਦਾ ਕਾਰਨ ਬਣਦੀ ਹੈ।

2 ਸਰਦੀ ਦੀ ਰੁੱਤ ਵਿੱਚ ਪਾਚਣ-ਪ੍ਰਣਾਲੀ ਵਧੇਰੇ ਤੇਜ਼ੀ ਨਾਲ ਕਿਰਿਆ ਕਰਦੀ ਹੈ ਤੇ ਸਾਨੂੰ ਇਸ ਦਾ ਪੂਰਾ-ਪੂਰਾ ਲਾਭ ਉਠਾਉਣ ਲਈ ਇਸ ਰੁੱਤ ਵਿੱਚ ਪੌਸ਼ਟਿਕ ਅਤੇ ਸ਼ਕਤੀਦਾਇਕ ਪਦਾਰਥਾਂ ਦਾ ਸੇਵਨ ਕਰਨਾ ਚਾਹੀਦਾ ਹੈ ਤਾਂ ਕਿ ਸਰੀਰ ਸੁੰਦਰ ਅਤੇ ਸੁਡੌਲ ਬਣ ਸਕੇ।

3 ਕੁਦਰਤ ਨੇ ਰਾਤ ਸੌਣ ਲਈ ਬਣਾਈ ਹੈ ਤਾਂ ਕਿ ਸਰੀਰ ਨੂੰ ਦਿਨ ਭਰ ਦੀ ਦੌੜ-ਭੱਜ ਅਤੇ ਕੰਮਕਾਜੀ ਥਕਾਵਟ ਤੋਂ ਬਾਅਦ ਪੂਰਨ ਤੌਰ ’ਤੇ ਆਰਾਮ ਮਿਲ ਸਕੇ। ਇਸ ਲਈ ਸਾਨੂੰ ਫਾਲਤੂ ਕੰਮਾਂ ਵਿੱਚ ਉਲਝ ਕੇ ਗੱਪ-ਸ਼ੱਪ ਜਾਂ ਸੈਰ-ਸਪਾਟਾ ਕਰਨ ਵਿੱਚ ਹੀ ਰਾਤ ਬਰਬਾਦ ਨਹੀਂ ਕਰ ਦੇਣੀ ਚਾਹੀਦੀ। ਦੇਰ ਰਾਤ ਤੱਕ ਜਾਗਣਾ ਨੀਂਦ ਖਰਾਬ ਕਰਨਾ ਜਿਥੇ ਸਰੀਰ ਲਈ ਕਸ਼ਟਦਾਇਕ ਹੋ ਸਕਦਾ ਹੈ ਉਥੇ ਅਜਿਹਾ ਕਰਨ ਨਾਲ ਅਨੀਂਦਰੇ ਜਿਹੇ ਰੋਗ ਨੂੰ ਸੱਦਾ ਵੀ ਦੇਣਾ ਹੈ ਜੋ ਸਰੀਰ ਅਤੇ ਮਨ ਦੀ ਸ਼ਾਂਤੀ ਨੂੰ ਅਸ਼ਾਂਤੀ ਵਿੱਚ ਬਦਲ ਦਿੰਦਾ ਹੈ।

4 ਸਰੀਰ ਨੂੰ ਤੰਦਰੁਸਤ ਰੱਖਣ ਲਈ ਜਿਥੇ ਸਾਰਾ ਸਾਲ ਕਸਰਤ ਕਰਦੇ ਰਹਿਣਾ ਚਾਹੀਦਾ ਹੈ ਉਥੇ ਸਰਦੀ ਦੀ ਰੁੱਤ ਵਿੱਚ ਕਸਰਤ ਵੱਲ ਵਧੇਰੇ ਧਿਆਨ ਦੇਣਾ ਚਾਹੀਦਾ ਹੈ।

*ਕੁਲ ਮਿਲਾ ਕੇ ਆਹਾਰ-ਵਿਹਾਰ ਦੇ ਮਾਮਲੇ ਵਿੱਚ ਜੇਕਰ ਦਿਨ ਭਰ ਨਾਲ ਸਬੰਧਤ ਕੁਝ ਜ਼ਰੂਰੀ ਨੁਕਤਿਆਂ ’ਤੇ ਧਿਆਨ ਦਿੰਦਿਆਂ ਅਮਲ ਕੀਤਾ ਜਾਵੇ ਤਾਂ ਇਹ ਮਾਮਲਾ ਬਹੁਤ ਆਸਾਨ ਹੋ ਜਾਂਦਾ ਹੈ। ਇਹ ਨੁਕਤੇ ਹਨ ਸਵੇਰੇ ਜਲਦੀ ਉਠਣਾ, ਠੀਕ ਸਮੇਂ ਤੇ ਭੋਜਨ ਕਰਨਾ, ਸ਼ਾਮ ਨੂੰ ਵੀ ਠੀਕ ਸਮੇਂ ਤੇ ਸੌਂ ਜਾਣਾ, ਕੁਝ ਦਿਨ ਆਪ ਨੂੰ ਇਹ ਅਜੀਬ ਲੱਗੇਗਾ ਪਰ ਹੌਲੀ-ਹੌਲੀ ਆਦਤ ਬਣ ਜਾਵੇਗੀ। ਇਸ ਨਿਯਮਾਵਲੀ ਦਾ ਪਾਲਣ ਕਰਨ ’ਤੇ ਤੁਹਾਡੇ ਸਰੀਰ ਵਿੱਚ ਸ਼ਕਤੀ ਦਾ ਸੰਚਾਰ ਵਧੇਗਾ, ਸਰੀਰ ਵਿੱਚ ਫੁਰਤੀਲਾਪਨ ਆਵੇਗਾ, ਆਤਮ ਵਿਸ਼ਵਾਸ, ਦਿਮਾਗੀ ਤਾਕਤ, ਯਾਦ ਸ਼ਕਤੀ ਵਧੇਗੀ ਅਤੇ ਮਨ ਖਿੜਿਆ ਰਹੇਗਾ।*

# ਰਾਗ ਦੇਵਗੰਧਾਰੀ

ਭਾਈ ਸੁਖਵੰਤ ਸਿੰਘ (ਪ੍ਰਿੰ.)

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਦੇਵਗੰਧਾਰੀ ਸਿਰਲੇਖ ਹੇਠ ਦੇਵਗੰਧਾਰੀ ਅਤੇ ਦੇਵਗੰਧਾਰ ਦੋ ਰਾਗ ਉਪਲੱਬਧ ਹੁੰਦੇ ਹਨ। ਦੇਵਗੰਧਾਰ ਦਾ ਕੇਵਲ ਇੱਕੋ ਸ਼ਬਦ, "*ਅਪੁਨੇ ਹਰਿ ਪਹਿ ਬਿਨਤੀ ਕਹੀਐ*" ਹੈ। ਬਾਕੀ ਸਾਰੀ ਬਾਣੀ ਦੇਵਗੰਧਾਰੀ ਰਾਗ ਵਿੱਚ ਹੈ। ਉਪਰੋਕਤ ਦੋਵੇਂ ਰਾਗ ਵੱਖੋ-ਵੱਖਰੇ ਸਰੂਪ ਰੱਖਦੇ ਹਨ। ਦੇਵਗੰਧਾਰੀ ਦਾ ਸਰੂਪ ਗੁਰਮਤਿ ਸੰਗੀਤ ਤੋਂ ਬਿਨਾਂ ਭਾਰਤੀ ਸੰਗੀਤ ਵਿੱਚ ਅਜੇ ਤੱਕ ਪ੍ਰਚੱਲਿਤ ਨਹੀਂ ਹੋਇਆ। ਇਸ ਰਾਗ ਵਿੱਚ ਵਿਚਰਦੇ ਪਤਾ ਲੱਗੇਗਾ ਕਿ ਖੁਸ਼ੀ ਚਰਨ ਸ਼ਰਨ ਵਿੱਚ ਹੈ। ਪ੍ਰਭੂ ਦੇ ਚਰਨਾਂ ਵਿੱਚ ਹੈ। ਝੂਠਾ ਪਿਆਰ ਛੱਡਣ ਵਿੱਚ ਹੈ।

| | |
|---|---|
| ਅਰੋਹ | ਸਰੇ ਮ, ਪ ਧ ਸਂ |
| ਅਵਰੋਹ | ਸਂ ਨੀ ਧ ਪ, ਮ ਪ, ਧੁ ਨੀ ਧੁ ਪ, ਮ ਗ ਰੇ ਸ |
| ਸੁਰ | ਦੋਨੋਂ ਧੈਵਤ, ਦੋਨੋਂ ਨਿਸ਼ਾਦ, ਅਰੋਹ ਵਿੱਚ 'ਗ' ਤੇ 'ਨੀ' ਵਰਜਿਤ, ਬਾਕੀ ਸਭ ਸ਼ੁੱਧ |
| ਥਾਟ | ਬਿਲਾਵਲ (ਆਸਾਵਰੀ ਅੰਗ) |
| ਜਾਤੀ | ਔੜਵ-ਸੰਪੂਰਨ |
| ਸਮਾਂ | ਦਿਨ ਦਾ ਦੂਜਾ ਪਹਿਰ |
| ਵਾਦੀ | ਮਧਿਅਮ |
| ਸੰਵਾਦੀ | ਸ਼ੜਜ |
| ਮੁੱਖ ਅੰਗ | ਧੁ ਨੀ ਧੁ ਪ, ਮ ਗ, ਸ ਰੇ ਮ, ਗ ਸ ਰੇ ਗ ਸ। |
| ਸੁਰ ਵਿਸਥਾਰ | 1. ਸ ਰੇ ਮ, ਗ ਰੇ ਸ, ਨ਼ੀ ਧ਼ ਪ਼, ਧ਼ੁ ਨ਼ੀ ਧ਼ੁ ਪ਼, ਪ਼ ਧ਼ ਸ, ਰੇ ਸ, ਰੇ ਮ ਮ ਪ, ਮ ਪ ਧ ਮ ਪ, ਧੁ ਨੀ ਧੁ ਪ, ਮ ਪ ਮ, ਗ ਰੇ ਸ। |
| | 2. ਮ, ਮ ਪ ਧੁ ਪ, ਧੁ ਨੀ ਧੁ ਪ, ਮ ਪ ਧ, ਪ ਧ ਸਂ, ਰੇਂ ਸਂ, ਰੇਂ ਗਂ ਸਂ, ਸਂ ਰੇਂ ਮਂ, ਗਂ ਰੇਂ ਗਂ ਸਂ, ਨੀ ਧ ਪ, ਧੁ ਨੀ ਧੁ ਪ, ਮ ਗ ਸ ਰੇ ਮ, ਗ ਰੇ ਸ। |





ਮੇਰੋ ਸੁੰਦਰੁ ਕਹਹੁ ਮਿਲੈ ਕਿਤੁ ਗਲੀ॥
ਹਰਿ ਕੇ ਸੰਤ ਬਤਾਵਹੁ ਮਾਰਗੁ ਹਮ ਪੀਛੈ ਲਾਗਿ ਚਲੀ॥੧॥ਰਹਾਉ॥
ਪ੍ਰਿਅ ਕੇ ਬਚਨ ਸੁਖਾਨੇ ਹੀਅਰੈ ਇਹ ਚਾਲ ਬਨੀ ਹੈ ਭਲੀ॥
ਲਟੁਰੀ ਮਧੁਰੀ ਠਾਕੁਰ ਭਾਈ ਓਹ ਸੁੰਦਰਿ ਹਰਿ ਢੁਲਿ ਮਿਲੀ॥੧॥
ਏਕੋ ਪ੍ਰਿਉ ਸਖੀਆ ਸਭ ਪ੍ਰਿਅ ਕੀ ਜੋ ਭਾਵੈ ਪਿਰ ਸਾ ਭਲੀ॥
ਨਾਨਕੁ ਗਰੀਬੁ ਕਿਆ ਕਰੈ ਬਿਚਾਰਾ ਹਰਿ ਭਾਵੈ ਤਿਤੁ ਰਾਹਿ ਚਲੀ॥੨॥੨॥ (ਅੰਗ ੫੨੭)

**ਤਾਲ-ਛੋਟਾ ਤਿੰਨ ਤਾਲ**

**ਸਥਾਈ**

| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 | 16 |
|---|---|---|---|---|---|---|---|---|---|---|---|---|---|---|---|
| | | | | ਪ | ਧੁਨੀ | ਧੁ | ਪਪ | ਮ | ਗ | ਰੇ | ਸ | ਰੇ | ਰੇ | ਮ | ਮ |
| | | | | ਮੇ | ਰੋS | ਸੁੰ | ਦਰੁ | ਕ | ਹ | ਹੁ | ਮਿ | ਲੈ | S | ਕਿਤ | ਗ |
| ਪ | ਪ | - | - | ਮ | ਮ | ਪ | ਧ | ਸਂ | - | ਸਂ | ਸਂ | ਧ | - | ਸਂ | ਰੇ |
| ਲੀ | S | S | S | ਹ | ਰਿ | ਕੇ | S | ਸੰ | S | ਤ | ਬ | ਤਾ | S | ਵ | ਹੁ |
| ਸਂ | ਨੀ | ਸਂ | ਸਂ | ਸਂਸਂ | ਨੀ | ਧ | ਪ | ਧੁ | ਨੀ | ਧੁ | ਪ | ਮ | ਗ | ਸ | ਰੇ |
| ਮਾ | S | ਰ | ਗ | ਹਮ | S | S | S | ਪੀ | S | ਛੈ | S | ਲਾ | S | ਗ | ਚ |
| ਮ | - | ਪ | - | | | | | | | | | | | | |
| ਲੀ | S | S | S | | | | | | | | | | | | |

**ਅੰਤਰਾ**

| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 | 16 |
|---|---|---|---|---|---|---|---|---|---|---|---|---|---|---|---|
| | | | | ਗਂ | ਰੇਂ | ਮਂ | ਗਂ | ਸਂ | ਸਂ | ਸਂ | ਸਂ | ਪ | ਪ | ਧ | ਧ |
| | | | | ਪ੍ਰਿ | ਅ | ਕੇ | S | ਬ | ਚ | ਨ | ਸੁ | ਖਾ | S | ਨੇ | S |
| ਸਂ | ਸਂ | ਸਂ | ਸਂ | ਸਂ | ਨੀ | ਧ | ਪ | ਧੁ | ਨੀ | ਧੁ | ਪ | ਮ | ਗ | ਸ | ਰੇ |
| ਹੀ | ਅ | ਰੈ | S | ਇ | ਹ | S | S | ਚਾ | S | ਲ | ਬ | ਨੀ | S | ਹੈ | ਭ |
| ਮ | - | ਪ | - | | | | | | | | | | | | |
| ਲੀ | S | S | S | | | | | | | | | | | | |

**ਤਾਨਾਂ**

| | 1 | 2 | 3 | 4 | 5 | 6 | 7 | 8 |
|---|---|---|---|---|---|---|---|---|
| 1 | ਸਰ | ਸਸ | ਨ਼ੀਧ਼ | ਪ਼ਪ਼ | ਧ਼ੁਨ਼ੀ | ਧ਼ੁਪ਼ | ਪ਼ਧ਼ | ਸਸ |
| 2 | ਸਰ | ਪਪ | ਰੇਮ | ਪਪ | ਧੁਨੀ | ਧੁਪ | ਮਗ | ਰੇਸ |
| 3 | ਧੁਨੀ | ਧੁਪ | ਮਗ | ਰੇਸ | ਸਰੇ | ਮਪ | ਧੁਨੀ | ਧੁਪ |
| 4 | ਮਪ | ਧੁਨੀ | ਧੁਪ | ਮਪ | ਪਧ | ਸਂਰੇਂ | ਸਂਨੀ | ਧਪ |
| 5 | ਪਧ | ਸਂਸਂ | ਗਂਸਂ | ਮਂਗਂ | ਰੇਂਸਂ | ਨੀਧ | ਧਪ | ਧੁਨੀ |
| | ਧਪ | ਮਪ | ਧੁਨੀ | ਧੁਪ | ਮਪ | ਧੁਨੀ | ਧੁਪ | ਮਪ |
| 6 | ਪਧ | ਸਂਰੇਂ | ਸਂਨੀ | ਸਂਸਂ | ਨੀਧ | ਧਪ | ਮਮ | ਪਪ |
| | ਧੁਨੀ | ਧੁਪ | ਮਗ | ਰੇਸ | ਸਰੇ | ਮਪ | ਮਗ | ਰੇਸ |

## *ਤਖ਼ਤ ਸ੍ਰੀ ਪਟਨਾ ਸਾਹਿਬ ਵਿਖੇ ਅਦੁੱਤੀ ਗੁਰਮਤਿ ਰਾਗ ਦਰਬਾਰ 4 ਅਤੇ 5 ਨਵੰਬਰ 2006 ਨੂੰ*

*ਵਿਸਮਾਦੁ ਨਾਦ ਬਿਊਰੋ*

**ਜਵੱਦੀ ਟਕਸਾਲ ਲੁਧਿਆਣਾ** : ਗੁਰਮਤਿ ਸਿਧਾਂਤ ਤੇ ਗੁਰਮਤਿ ਸੰਗੀਤ ਦੇ ਪ੍ਰਚਾਰ ਤੇ ਪ੍ਰਸਾਰ ਦੇ ਖੇਤਰ ਵਿਚ ਨਵੇਂ ਮੀਲ ਪੱਥਰ ਸਥਾਪਤ ਕਰ ਰਹੀ ਸੰਸਥਾ ਜਵੱਦੀ ਟਕਸਾਲ ਲੁਧਿਆਣਾ ਵੱਲੋਂ ਤਖ਼ਤ ਸ੍ਰੀ ਪਟਨਾ ਸਾਹਿਬ ਦੀ ਪ੍ਰਬੰਧਕ ਕਮੇਟੀ ਦੇ ਸਹਿਯੋਗ ਨਾਲ ਤਖ਼ਤ ਸ੍ਰੀ ਪਟਨਾ ਸਾਹਿਬ ਵਿਖੇ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਪਹਿਲੀ ਉਦਾਸੀ ਦੇ 500 ਸਾਲਾ ਦਿਵਸ ਮੌਕੇ ਨਿਰਧਾਰਤ ਰਾਗਾਂ ਵਿਚ ਅਦੁੱਤੀ ਗੁਰਮਤਿ ਸੰਗੀਤ ਸੰਮੇਲਨ ਕਰਵਾਇਆ ਜਾ ਰਿਹਾ ਹੈ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਜਵੱਦੀ ਟਕਸਾਲ ਦੇ ਮੁਖੀ ਸੰਤ ਗਿਆਨੀ ਅਮੀਰ ਸਿੰਘ ਜੀ ਅਤੇ ਅਦੁੱਤੀ ਗੁਰਮਤਿ ਸੰਗੀਤ ਸੰਮੇਲਨ ਦੇ ਕੋ-ਆਰਡੀਨੇਟਰ ਭਾਈ ਸੁਖਵੰਤ ਸਿੰਘ ਪ੍ਰਿੰਸੀਪਲ ਗੁਰਸ਼ਬਦ ਸੰਗੀਤ ਅਕੈਡਮੀ ਨੇ ਦੱਸਿਆ ਕਿ ਜਵੱਦੀ ਟਕਸਾਲ ਦੇ ਬਾਨੀ ਸੰਤ ਬਾਬਾ ਸੁੱਚਾ ਸਿੰਘ ਜੀ ਵੱਲੋਂ ਗੁਰਮਤਿ ਸਿਧਾਂਤ ਅਤੇ ਗੁਰਮਤਿ ਸੰਗੀਤ ਦੇ ਪ੍ਰਚਾਰ ਅਤੇ ਪ੍ਰਸਾਰ ਹਿੱਤ ਆਰੰਭੀ ਲਹਿਰ ਦੇ ਅੰਤਰਗਤ ਤਖ਼ਤ ਸ੍ਰੀ ਪਟਨਾ ਸਾਹਿਬ ਵਿਖੇ 4 ਅਤੇ 5 ਨਵੰਬਰ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਦਾ ਨਿਰਧਾਰਤ ਰਾਗਾਂ ਵਿੱਚ ਗਾਇਨ ਕਰਵਾਇਆ ਜਾਵੇਗਾ। ਉਨ੍ਹਾਂ ਦੱਸਿਆ ਕਿ ਇਸ ਤੋਂ ਪਹਿਲਾਂ ਜਵੱਦੀ ਟਕਸਾਲ ਵੱਲੋਂ ਤਖ਼ਤ ਸ੍ਰੀ ਹਜ਼ੂਰ ਸਾਹਿਬ ਅਤੇ ਤਖ਼ਤ ਸ੍ਰੀ ਦਮਦਮਾ ਸਾਹਿਬ (ਤਲਵੰਡੀ ਸਾਬੋ) ਵਿਖੇ ਅਦੁੱਤੀ ਗੁਰਮਤਿ ਸੰਗੀਤ ਸੰਮੇਲਨ ਦਾ ਆਯੋਜਨ ਕੀਤਾ ਜਾ ਚੁੱਕਾ ਹੈ।

ਸੰਮੇਲਨ ਦੇ ਕੋ-ਆਰਡੀਨੇਟਰ ਭਾਈ ਸੁਖਵੰਤ ਸਿੰਘ ਜੀ ਨੇ ਦੱਸਿਆ ਕਿ ਇਸ ਸੰਮੇਲਨ ਵਿੱਚ ਸ਼੍ਰੋਮਣੀ ਰਾਗੀ ਭਾਈ ਬਲਬੀਰ ਸਿੰਘ, ਪ੍ਰੋ. ਪਰਮਜੋਤ ਸਿੰਘ, ਭਾਈ ਸ਼ਮਿੰਦਰਪਾਲ ਸਿੰਘ, ਭਾਈ ਕੰਵਰਦੀਪ ਸਿੰਘ ਜਲੰਧਰ, ਭਾਈ ਰਾਜਬਰਿੰਦਰ ਸਿੰਘ ਬਠਿੰਡਾ, ਭਾਈ ਇਕਬਾਲ ਸਿੰਘ ਜਮਾਲਪੁਰ, ਭਾਈ ਜਸਪਾਲ ਸਿੰਘ ਤਰਨ ਤਾਰਨ, ਡਾ. ਜਸਬੀਰ ਕੌਰ ਪਟਿਆਲਾ ਤੋਂ ਇਲਾਵਾ ਗੁਰਸ਼ਬਦ ਸੰਗੀਤ ਅਕੈਡਮੀ ਦੇ ਵਿਦਿਆਰਥੀਆਂ ਵੱਲੋਂ ਨਿਰਧਾਰਤ ਰਾਗਾਂ ਵਿੱਚ ਗੁਰਬਾਣੀ ਦਾ ਗਾਇਨ ਕੀਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਇਸ ਸੰਮੇਲਨ ਵਿੱਚ ਗੁਰਮਤਿ ਵਿੱਚ ਪ੍ਰਵਾਨਿਤ ਤਾਊਸ, ਸਾਰੰਦਾ, ਰਬਾਬ, ਸਿਤਾਰ, ਵਾਇਲਨ ਅਤੇ ਸਾਰੰਗੀ ਆਦਿ ਤੰਤੀ ਸਾਜ਼ ਵਿਸ਼ੇਸ਼ ਆਕਰਸ਼ਣ ਦਾ ਕੇਂਦਰ ਹੋਣਗੇ। ਉਨ੍ਹਾਂ ਦੱਸਿਆ ਕਿ ਇਸ ਸੰਮੇਲਨ ਮੌਕੇ ਗੁਰਸ਼ਬਦ ਸੰਗੀਤ ਅਕੈਡਮੀ ਵੱਲੋਂ ਗੁਰਮਤਿ ਸੰਗੀਤ ਦੇ ਸਾਜ਼ਾਂ ਅਤੇ ਗੁਰਮਤਿ ਸਿਧਾਂਤ ਤੇ ਗੁਰਮਤਿ ਸੰਗੀਤ ਦੀਆਂ ਪੁਸਤਕ ਦੀ ਪ੍ਰਦਰਸ਼ਨੀ ਦਾ ਆਯੋਜਨ ਵੀ ਕੀਤਾ ਜਾਵੇਗਾ।

ਜਵੱਦੀ ਟਕਸਾਲ ਦੇ ਮੁਖੀ ਸੰਤ ਗਿਆਨੀ ਅਮੀਰ ਸਿੰਘ ਜੀ ਨੇ ਦੱਸਿਆ ਕਿ ਅਦੁੱਤੀ ਗੁਰਮਤਿ ਸੰਗੀਤ ਸੰਮੇਲਨ ਦੇ ਆਯੋਜਨ ਲਈ ਰਾਗੀਆਂ ਅਤੇ ਸੰਗਤਾਂ ਦਾ ਵਿਸ਼ਾਲ ਜਥਾ ਰੇਲ ਗੱਡੀ ਰਾਹੀਂ 3 ਨਵੰਬਰ ਨੂੰ ਗੁਰਦੁਆਰਾ ਗੁਰ ਗਿਆਨ ਪ੍ਰਕਾਸ਼ ਤੋਂ ਰਵਾਨਾ ਹੋਵੇਗਾ। ਤਖ਼ਤ ਸ੍ਰੀ ਪਟਨਾ ਸਾਹਿਬ ਦੇ ਦਰਸ਼ਨ ਕਰਨ ਦੇ ਚਾਹਵਾਨ ਸ਼ਰਧਾਲੂ ਟਿਕਟਾਂ ਦੀ ਬੁਕਿੰਗ ਲਈ ਗੁਰਦੁਆਰਾ ਗੁਰ ਗਿਆਨ ਪ੍ਰਕਾਸ਼ ਦੇ ਦਫਤਰ ਵਿਖੇ ਫੋਨ ਨੰਬਰ 0161-2562596 ਅਤੇ 98721-20274, 0161-5108696 'ਤੇ ਸੰਪਰਕ ਕਰ ਸਕਦੇ ਹਨ।



## *15ਵਾਂ ਅਦੁੱਤੀ ਗੁਰਮਤਿ ਸੰਗੀਤ ਸੰਮੇਲਨ ਗੁਰਦੁਆਰਾ ਗੁਰ ਗਿਆਨ ਪ੍ਰਕਾਸ਼ ਜਵੱਦੀ ਟਕਸਾਲ ਵਿਖੇ 15, 16 ਅਤੇ 17 ਦਸੰਬਰ 2006 ਨੂੰ*

**ਜਵੱਦੀ ਟਕਸਾਲ ਲੁਧਿਆਣਾ** : ਜਵੱਦੀ ਟਕਸਾਲ ਦੇ ਬਾਨੀ ਸੱਚਖੰਡਵਾਸੀ ਮਹਾਪੁਰਸ਼ ਸੰਤ ਬਾਬਾ ਸੁੱਚਾ ਸਿੰਘ ਜੀ ਵੱਲੋਂ ਗੁਰਮਤਿ ਸਿਧਾਂਤ ਤੇ ਗੁਰਮਤਿ ਸੰਗੀਤ ਦੇ ਪ੍ਰਚਾਰ ਹਿੱਤ ਆਰੰਭੀ ਲਹਿਰ ਨੂੰ ਨਿਰੰਤਰ ਅੱਗੇ ਤੋਰਦਿਆਂ 15ਵਾਂ ਅਦੁੱਤੀ ਗੁਰਮਤਿ ਸੰਗੀਤ ਸੰਮੇਲਨ ਗੁਰਦੁਆਰਾ ਗੁਰ ਗਿਆਨ ਪ੍ਰਕਾਸ਼ ਜਵੱਦੀ ਟਕਸਾਲ ਵਿਖੇ 15, 16 ਅਤੇ 17 ਦਸੰਬਰ ਨੂੰ ਆਯੋਜਿਤ ਕੀਤਾ ਜਾ ਰਿਹਾ ਹੈ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਜਵੱਦੀ ਟਕਸਾਲ ਦੇ ਮੁਖੀ ਸੰਤ ਗਿਆਨੀ ਅਮੀਰ ਸਿੰਘ ਜੀ ਨੇ ਦੱਸਿਆ ਕਿ ਇਸ ਸੰਮੇਲਨ ਵਿੱਚ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਬਾਣੀ ਦਾ ਰਾਗਮਾਲਾ ਦੇ ਰਾਗਾਂ ਵਿੱਚ ਗਾਇਨ ਪੁਰਾਤਨ ਅਤੇ ਨਵਤਨ ਰਾਗੀਆਂ ਤੋਂ ਕਰਵਾਇਆ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਇਸ ਸੰਮੇਲਨ ਦੀਆਂ ਤਿਆਰੀਆਂ ਪੂਰੇ ਜ਼ੋਰਾਂ 'ਤੇ ਹਨ। ਇਸ ਸਬੰਧੀ ਸੰਗਤਾਂ ਵਿੱਚ ਭਾਰੀ ਉਤਸ਼ਾਹ ਪਾਇਆ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਇਸ ਸੰਮੇਲਨ ਵਿੱਚ 5 ਤਖ਼ਤਾਂ ਦੇ ਜਥੇਦਾਰ ਸਾਹਿਬਾਨ, ਵੱਖ-ਵੱਖ ਸੰਪ੍ਰਦਾਵਾਂ ਦੇ ਮੁਖੀ ਸੰਤ ਮਹਾਪੁਰਸ਼ਾਂ ਤੋਂ ਇਲਾਵਾ ਧਾਰਮਿਕ ਆਗੂ ਵਿਸ਼ੇਸ਼ ਤੌਰ 'ਤੇ ਪੁੱਜਣਗੇ।

## *ਜਵੱਦੀ ਟਕਸਾਲ ਦੀਆਂ ਸੰਗਤਾਂ ਵੱਲੋਂ ਸ੍ਰੀ ਹੇਮਕੁੰਟ ਸਾਹਿਬ ਜੀ ਦੀ ਯਾਤਰਾ*

ਜਵੱਦੀ ਟਕਸਾਲ ਲੁਧਿਆਣਾ : ਗੁਰਦੁਆਰਾ ਗੁਰ ਗਿਆਨ ਪ੍ਰਕਾਸ਼ ਜਵੱਦੀ ਟਕਸਾਲ ਦੀਆਂ ਸੰਗਤਾਂ ਵੱਲੋਂ ਸੰਤ ਗਿਆਨੀ ਅਮੀਰ ਸਿੰਘ ਜੀ ਦੀ ਅਗਵਾਈ ਵਿੱਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਤਪ ਅਸਥਾਨ ਸ੍ਰੀ ਹੇਮਕੁੰਟ ਸਾਹਿਬ ਜੀ ਦੀ ਯਾਤਰਾ ਦਾ ਆਯੋਜਨ ਕੀਤਾ ਗਿਆ। ਇਸ ਯਾਤਰਾ ਦਾ ਆਰੰਭ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਓਟ ਆਸਰਾ ਲੈਂਦਿਆਂ ਸੰਤ ਗਿਆਨੀ ਅਮੀਰ ਸਿੰਘ ਜੀ ਵੱਲੋਂ ਕੀਤੀ ਅਰਦਾਸ ਉਪਰੰਤ ਪਵਿੱਤਰ ਹੁਕਮਨਾਮਾ ਲੈਣ ਨਾਲ ਜੈਕਾਰਿਆਂ ਦੀ ਗੂੰਜ ਉਪਰੰਤ ਹੋਇਆ। ਗੁਰਦੁਆਰਾ ਗੁਰ ਗਿਆਨ ਪ੍ਰਕਾਸ਼ ਤੋਂ ਆਰੰਭ ਹੋਈ ਇਸ ਯਾਤਰਾ ਦਾ ਅੰਬਾਲਾ ਕੈਂਟ ਦੀਆਂ ਸੰਗਤਾਂ ਵੱਲੋਂ ਨਿੱਘਾ ਸਵਾਗਤ ਕੀਤਾ ਗਿਆ ਅਤੇ ਲੰਗਰ ਛਕਾਇਆ ਗਿਆ ਤੇ ਰਾਤ ਦਾ ਵਿਸ਼ਰਾਮ ਗੁਰਦੁਆਰਾ ਰਿਸ਼ੀਕੇਸ਼ ਵਿਖੇ ਕੀਤਾ ਗਿਆ। ਰਿਸ਼ੀਕੇਸ਼ ਤੋਂ ਅੰਮ੍ਰਿਤ ਵੇਲੇ ਸੰਗਤਾਂ ਦਾ ਜਥਾ ਗੁਰਦੁਆਰਾ ਗੋਬਿੰਦ ਘਾਟ ਵੱਲ ਰਵਾਨਾ ਹੋਇਆ ਜੋ ਉਤਰਾਂਚਲ ਦੀਆਂ ਹੁਸੀਨ ਵਾਦੀਆਂ ਵਿਚੋਂ ਲੰਘਦਾ ਭਾਈ ਸੁਖਵੰਤ ਸਿੰਘ ਜੀ ਵੱਲੋਂ ਕਰਵਾਏ ਜਾ ਰਹੇ ਸਤਿਨਾਮੁ ਵਾਹਿਗੁਰੂ ਜੀ ਦੇ ਜਾਪ ਕਰਦਾ ਗੁਰਦੁਆਰਾ ਗੋਬਿੰਦ ਘਾਟ ਸਾਹਿਬ ਪੁੱਜਾ ਜਿਥੇ ਰਹਿਰਾਸ ਉਪਰੰਤ ਭਾਈ ਸੁਖਵੰਤ ਸਿੰਘ ਜੀ ਦੇ ਜਥੇ ਵੱਲੋਂ ਨਿਰਧਾਰਤ ਰਾਗਾਂ ਵਿੱਚ ਰਸ-ਭਿੰਨਾ ਕੀਰਤਨ ਕੀਤਾ ਗਿਆ।

ਅਗਲੇ ਦਿਨ ਅੰਮ੍ਰਿਤ ਵੇਲੇ ਸੰਤ ਗਿਆਨੀ ਅਮੀਰ ਸਿੰਘ ਜੀ ਵੱਲੋਂ ਗੁਰੂ ਗ੍ਰੰਥ ਸਾਹਿਬ ਜੀ ਦੇ ਚਰਨਾਂ ਵਿੱਚ ਕੀਤੀ ਅਰਦਾਸ ਉਪਰੰਤ ਇਹ ਜਥਾ ਗੁਰਦੁਆਰਾ ਗੋਬਿੰਦ ਧਾਮ ਵੱਲ ਰਵਾਨਾ ਹੋਇਆ ਅਤੇ 13 ਕਿਲੋਮੀਟਰ ਦੀ ਬਿਖੜੇ ਪੈਂਡੇ ਦੀ ਇਹ ਯਾਤਰਾ ਵਾਹਿਗੁਰੂ-ਵਾਹਿਗੁਰੂ ਗੁਰਮੰਤਰ ਦਾ ਜਾਪ ਕਰਦਿਆਂ ਤੈਅ ਕੀਤੀ ਗਈ।

10 ਸਤੰਬਰ ਨੂੰ ਸੰਗਤਾਂ ਦਾ ਇਹ ਜਥਾ ਗੁਰਦੁਆਰਾ ਗੋਬਿੰਦ ਧਾਮ ਤੋਂ ਸ੍ਰੀ ਹੇਮਕੁੰਟ ਸਾਹਿਬ ਜੀ ਦੇ ਦਰਸ਼ਨਾਂ ਲਈ ਸੰਤ ਗਿਆਨੀ ਅਮੀਰ ਸਿੰਘ ਜੀ ਅਤੇ ਭਾਈ ਸੁਖਵੰਤ ਸਿੰਘ ਜੀ ਦੀ ਅਗਵਾਈ ਹੇਠ ਰਵਾਨਾ ਹੋਇਆ ਜੋ 6 ਕਿਲੋਮੀਟਰ ਦਾ ਬਿਖੜਾ ਪੈਂਡਾ ਤੈਅ ਕਰਦਾ ਹੋਇਆ

16000 ਫੁੱਟ ਦੀ ਉਚਾਈ 'ਤੇ ਸਥਿਤ ਗੁਰਦੁਆਰਾ ਸਾਹਿਬ ਵਿਖੇ ਪੁੱਜਾ। ਪਵਿੱਤਰ ਸਰੋਵਰ ਵਿੱਚ ਇਸ਼ਨਾਨ ਕਰਨ ਉਪਰੰਤ ਸੰਗਤਾਂ ਗੁਰਦੁਆਰਾ ਸਾਹਿਬ ਵਿਖੇ ਪੁੱਜੀਆਂ।

ਇਸ ਮੌਕੇ ਜੁੜੀਆਂ ਸੰਗਤਾਂ ਨੂੰ ਸੰਬੋਧਨ ਕਰਦਿਆਂ ਸੰਤ ਗਿਆਨੀ ਅਮੀਰ ਸਿੰਘ ਜੀ ਨੇ ਸਿੱਖ ਜਗਤ ਵਿੱਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਰਚਨਾ ਸ੍ਰੀ ਦਸਮ ਗ੍ਰੰਥ ਸਾਹਿਬ ਜੀ ਬਾਰੇ ਪਾਏ ਜਾ ਰਹੇ ਭਰਮ ਭੁਲੇਖਿਆਂ ਨੂੰ ਦੂਰ ਕਰਦਿਆਂ ਸਪੱਸ਼ਟ ਕੀਤਾ ਕਿ ਸ੍ਰੀ ਦਸਮ ਗ੍ਰੰਥ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਹੀ ਰਚਨਾ ਹੈ ਜਿਸ ਵਿੱਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਪੂਰਬਲੇ ਜਨਮ ਵਿੱਚ ਸ੍ਰੀ ਹੇਮਕੁੰਟ ਸਾਹਿਬ ਵਿਖੇ 'ਦੁਸ਼ਟ ਦਮਨ' ਦੇ ਰੂਪ ਵਿੱਚ ਕੀਤੀ ਤਪੱਸਿਆ ਦਾ ਵਰਣਨ ਕੀਤਾ ਹੈ ਅਤੇ ਅਕਾਲ ਪੁਰਖ ਵੱਲੋਂ ਉਨ੍ਹਾਂ ਨੂੰ ਆਪਣਾ ਪੁੱਤਰ ਥਾਪ ਕੇ ਜਗਤ ਜਲੰਦੇ ਦਾ ਉਦਾਰ ਕਰਨ ਲਈ ਭੇਜਣ ਦੀ ਗੱਲ ਵੀ ਕੀਤੀ ਹੈ।

ਇਸ ਮੌਕੇ ਗੁਰਸ਼ਬਦ ਸੰਗੀਤ ਅਕੈਡਮੀ ਦੇ ਪ੍ਰਿੰਸੀਪਲ ਭਾਈ ਸੁਖਵੰਤ ਸਿੰਘ ਵੱਲੋਂ ਬਾਣੀ ਦਾ ਰਸ-ਭਿੰਨਾ ਕੀਰਤਨ ਕੀਤਾ ਗਿਆ ਜਿਸ ਵਿੱਚ ਉਨ੍ਹਾਂ ਦਾ ਸਾਥ ਭਾਈ ਸਤਨਾਮ ਸਿੰਘ, ਭਾਈ ਸੁਖਵਿੰਦਰ ਸਿੰਘ, ਭਾਈ ਗੁਰਪ੍ਰੀਤ ਸਿੰਘ ਅਤੇ ਹੋਰ ਵਿਦਿਆਰਥੀਆਂ ਨੇ ਦਿੱਤਾ। ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਜੀ ਦੇ ਮੈਨੇਜਰ ਨੇ ਸੰਤ ਗਿਆਨੀ ਅਮੀਰ ਸਿੰਘ ਜੀ ਦਾ ਧੰਨਵਾਦ ਕਰਦਿਆਂ ਕਿਹਾ ਕਿ ਸੰਤ ਜੀ ਨੇ ਸ੍ਰੀ ਦਸਮ ਗ੍ਰੰਥ ਸਾਹਿਬ ਬਾਰੇ ਪਾਏ ਜਾ ਰਹੇ ਭਰਮ-ਭੁਲੇਖਿਆਂ ਨੂੰ ਦੂਰ ਕਰਕੇ ਬਹੁਤ ਪਵਿੱਤਰ ਕਾਰਜ ਕੀਤਾ ਹੈ। ਇਸ ਮੌਕੇ ਪ੍ਰਬੰਧਕਾਂ ਵੱਲੋਂ ਸੰਤ ਗਿਆਨੀ ਅਮੀਰ ਸਿੰਘ ਜੀ ਅਤੇ ਭਾਈ ਸੁਖਵੰਤ ਸਿੰਘ ਜੀ ਨੂੰ ਸਿਰੋਪਾਓ ਭੇਟ ਕਰਕੇ ਸਨਮਾਨਿਤ ਕੀਤਾ ਗਿਆ।

ਇਉਂ ਸ੍ਰੀ ਹੇਮਕੁੰਟ ਸਾਹਿਬ ਦੀ ਯਾਤਰਾ ਕਰਦਾ ਹੋਇਆ ਸੰਗਤਾਂ ਦਾ ਇਹ ਜਥਾ 14 ਸਤੰਬਰ ਨੂੰ ਗੁਰਦੁਆਰਾ ਗੁਰ ਗਿਆਨ ਪ੍ਰਕਾਸ਼ ਜਵੱਦੀ ਟਕਸਾਲ ਵਿਖੇ ਵਾਪਸ ਪਰਤਿਆ।

## *ਫਤਿਹਗੜ੍ਹ ਪੰਜਤੂਰ ਵਿਖੇ ਕੀਰਤਨ ਸਮਾਗਮ*

ਸੱਚਖੰਡਵਾਸੀ ਮਹਾਪੁਰਸ਼ ਸੰਤ ਬਾਬਾ ਸੁੱਚਾ ਸਿੰਘ ਜੀ ਜਵੱਦੀ ਟਕਸਾਲ ਅਤੇ ਸੱਚਖੰਡਵਾਸੀ ਮਹਾਪੁਰਸ਼ ਸੰਤ ਬਾਬਾ ਕੁੰਦਨ ਸਿੰਘ ਜੀ ਨਾਨਕਸਰ ਵਾਲਿਆਂ ਦੀ ਪ੍ਰੇਰਨਾ ਸਦਕਾ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਫਤਿਹਗੜ੍ਹ ਪੰਜਤੂਰ (ਮੋਗਾ) ਵਿਖੇ ਸ੍ਰ. ਹਰਜੀਤ ਸਿੰਘ ਸੈਕਟਰੀ ਦੀ ਹਵੇਲੀ ਵਿਖੇ 14 ਤੋਂ 20 ਸਤੰਬਰ ਤੱਕ ਵਿਸ਼ੇਸ਼ ਧਾਰਮਿਕ ਸਮਾਗਮ ਆਯੋਜਿਤ ਕੀਤਾ ਗਿਆ। ਇਸ ਸਮਾਗਮ ਨੂੰ ਸੰਬੋਧਨ ਕਰਦਿਆਂ ਜਵੱਦੀ ਟਕਸਾਲ ਦੇ ਮੁਖੀ ਸੰਤ ਗਿਆਨੀ ਅਮੀਰ ਸਿੰਘ ਜੀ ਨੇ ਕਿਹਾ ਕਿ ਅਜੋਕੇ ਕਲਯੁਗ ਦੇ ਸਮੇਂ ਅੰਦਰ ਪ੍ਰਾਣੀ ਮਾਤਰ ਲਈ ਕੇਵਲ ਤੇ ਕੇਵਲ ਪ੍ਰਭੂ ਦਾ ਨਾਮ ਹੀ ਸਹਾਈ ਹੈ। ਪ੍ਰਭੂ ਪ੍ਰਮੇਸ਼ਵਰ ਦੇ ਨਾਮ ਤੋਂ ਬਿਨਾਂ ਸੰਸਾਰ ਦਾ ਇਹ ਪਸਾਰਾ ਕੂੜ ਦਾ ਪਸਾਰਾ ਹੈ ਅਤੇ ਇਸ ਭਵਜਲ ਤੋਂ ਕੇਵਲ ਤੇ ਕੇਵਲ ਮਹਾਪੁਰਸ਼ ਸੰਗਤਾਂ ਨੂੰ ਪ੍ਰਭੂ ਦੇ ਨਾਮ ਦੇ ਲਾ ਕੇ ਪਾਰ ਲੰਘਾ ਸਕਦੇ ਹਨ। ਸੰਤ ਬਾਬਾ ਸੁੱਚਾ ਸਿੰਘ ਜਵੱਦੀ ਟਕਸਾਲ ਅਤੇ ਸੰਤ ਬਾਬਾ ਕੁੰਦਨ ਸਿੰਘ ਜੀ ਨਾਨਕਸਰ ਵਾਲਿਆਂ ਨੇ ਆਪਣਾ ਸਮੁੱਚਾ ਜੀਵਨ ਸੰਗਤਾਂ ਨੂੰ ਸ਼ਬਦ ਗੁਰੂ ਨਾਲ ਜੋੜਨ ਲਈ ਲਾ ਦਿੱਤਾ।

ਇਸ ਸਮਾਗਮ ਵਿੱਚ ਸਿੰਘ ਸਾਹਿਬ ਗਿਆਨੀ ਗੁਰਬਚਨ ਸਿੰਘ ਜੀ, ਹੈਡਗ੍ਰੰਥੀ ਸ੍ਰੀ ਦਰਬਾਰ ਸਾਹਿਬ, ਸੰਤ ਬਾਬਾ ਭਜਨ ਸਿੰਘ ਜੀ ਨਾਨਕਸਰ, ਸੰਤ ਬਾਬਾ ਮਿਲਖਾ ਸਿੰਘ ਜੀ ਸੈਫਲਾਬਾਦ, ਸੰਤ ਬਾਬਾ ਰਵਿੰਦਰ ਸਿੰਘ ਜੀ ਮੋਨੀ, ਸੰਤ ਬਾਬਾ ਬਲਵਿੰਦਰ ਸਿੰਘ ਜੀ ਕੁਰਾਲੀ ਵਾਲੇ, ਬਾਬਾ ਮਲਕੀਤ ਸਿੰਘ ਚੱਕ ਮਰਹਾਣੇ ਵਾਲਿਆਂ ਨੇ ਸੰਗਤਾਂ ਨਾਲ ਗੁਰ ਵੀਚਾਰਾਂ ਕੀਤੀਆਂ। ਇਸ ਤੋਂ



ਇਲਾਵਾ ਪੰਥ ਪ੍ਰਸਿੱਧ ਕੀਰਤਨੀਏ ਪ੍ਰਿੰਸੀਪਲ ਸੁਖਵੰਤ ਸਿੰਘ ਜਵੱਦੀ ਟਕਸਾਲ, ਭਾਈ ਜਸਪਾਲ ਸਿੰਘ ਤਰਨ ਤਾਰਨ, ਭਾਈ ਹਰਜਿੰਦਰ ਸਿੰਘ ਜਿੰਦੂ, ਬਾਬਾ ਕਾਰਜ ਸਿੰਘ ਗੁਰਦੁਆਰਾ ਨਾਨਕਸਰ ਅਤੇ ਗੁਰਸ਼ਬਦ ਸੰਗੀਤ ਅਕੈਡਮੀ ਜਵੱਦੀ ਟਕਸਾਲ ਦੇ ਜਥਿਆਂ ਨੇ ਕੀਰਤਨ ਰਾਹੀਂ ਨਿਹਾਲ ਕੀਤਾ ਜਦ ਕਿ ਉਘੇ ਕਥਾ ਵਾਚਕ ਗਿਆਨੀ ਗੁਰਿੰਦਰ ਸਿੰਘ ਜੀ ਲੁਧਿਆਣਾ, ਸੁਆਮੀ ਸਤਿਪ੍ਰਤੀ ਹਰੀ ਜੀ, ਅੰਮ੍ਰਿਤਸਰ, ਗਿਆਨੀ ਸਰੂਪ ਸਿੰਘ ਡੇਰਾ ਬਾਬਾ ਬਿਧੀ ਚੰਦ ਆਦਿ ਨੇ ਕਥਾ ਵੀਚਾਰਾਂ ਕੀਤੀਆਂ। ਸ੍ਰ. ਹਰਜੀਤ ਸਿੰਘ ਸੈਕਟਰੀ ਨੇ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ।

## *ਹੁਸ਼ਿਆਰਪੁਰ ਵਿਖੇ ਸੰਤ ਬਾਬਾ ਸੁੱਚਾ ਸਿੰਘ ਜੀ ਦੀ ਬਰਸੀ ਮਨਾਈ*

ਗੁਰਮਤਿ ਸਿਧਾਂਤ ਦੇ ਮਹਾਨ ਪ੍ਰਚਾਰਕ ਸੰਤ ਬਾਬਾ ਹਰਚਰਨ ਸਿੰਘ ਜੀ ਰਮਦਾਸਪੁਰ ਵਾਲਿਆਂ ਦੀ ਸਰਪ੍ਰਸਤੀ ਹੇਠ ਜਵੱਦੀ ਟਕਸਾਲ ਦੇ ਬਾਨੀ ਮਹਾਪੁਰਸ਼ ਸੰਤ ਬਾਬਾ ਸੁੱਚਾ ਸਿੰਘ ਜੀ ਦੀ ਪਿਆਰੀ, ਨਿੱਘੀ ਯਾਦ ਨੂੰ ਸਮਰਪਿਤ ਸਲਾਨਾ ਸਮਾਗਮ ਗੁਰਦੁਆਰਾ ਕਲਗੀਧਰ ਸਿੰਘ ਸਭਾ ਨੇੜੇ ਰੌਸ਼ਨ ਗਰਾਊਂਡ ਹੁਸ਼ਿਆਰਪੁਰ ਵਿਖੇ ਬੜੀ ਸ਼ਰਧਾ ਅਤੇ ਧੂਮ-ਧਾਮ ਨਾਲ ਮਨਾਈ ਗਈ। ਇਸ ਮੌਕੇ ਜਵੱਦੀ ਟਕਸਾਲ ਦੇ ਮੁਖੀ ਸੰਤ ਗਿਆਨੀ ਅਮੀਰ ਸਿੰਘ ਜੀ ਨੇ ਸੰਗਤਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਇਸ ਸੰਸਾਰ 'ਤੇ ਮਹਾਪੁਰਸ਼ ਜੀਵਾਂ ਦੇ ਭਲੇ ਲਈ ਆਉਂਦੇ ਹਨ। ਉਹ ਰੱਬੀ ਹੁਕਮ ਅਨੁਸਾਰ ਆਉਂਦੇ ਹਨ। ਮਹਾਪੁਰਸ਼ ਭਗਤੀ ਕਰਕੇ ਕੇਵਲ ਸੰਸਾਰੀ ਲੋਕਾਂ ਨੂੰ ਅਮਲੀ ਰੂਪ ਵਿੱਚ ਪ੍ਰਮਾਤਮਾ ਨਾਲ ਜੋੜਨ ਲਈ ਮਾਰਗ ਦਰਸਾਉਂਦੇ ਹਨ।

ਇਸ ਸਮਾਗਮ ਵਿੱਚ ਸ਼੍ਰੋਮਣੀ ਰਾਗੀ ਭਾਈ ਬਲਬੀਰ ਸਿੰਘ, ਪ੍ਰਿੰਸੀਪਲ ਸੁਖਵੰਤ ਸਿੰਘ ਜਵੱਦੀ ਟਕਸਾਲ, ਭਾਈ ਮਨਜੀਤ ਸਿੰਘ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ, ਭਾਈ ਨਿਰਮਲ ਸਿੰਘ ਜੀ ਖਾਲਸਾ, ਭਾਈ ਸਰਬਜੀਤ ਸਿੰਘ, ਭਾਈ ਨਿਰਮਲ ਸਿੰਘ ਨਾਗਪੁਰੀ, ਭਾਈ ਅਮਰੀਕ ਸਿੰਘ ਜਖ਼ਮੀ, ਭਾਈ ਜਗਜੀਤ ਸਿੰਘ ਕੋਮਲ, ਭਾਈ ਅਵਤਾਰ ਸਿੰਘ ਦਰਬਾਰ ਸਿੰਘ ਬੋਧਲ, ਭਾਈ ਗੁਰਮੀਤ ਸਿੰਘ 'ਸ਼ਾਂਤ' (ਜਲੰਧਰ), ਭਾਈ ਸਤਵਿੰਦਰ ਸਿੰਘ ਜੀ (ਦਿੱਲੀ), ਭਾਈ ਬਾਵਾ ਸਿੰਘ (ਗੁਰਦਾਸਪੁਰ), ਭਾਈ ਪ੍ਰੋ. ਮੂਲਾ ਸਿੰਘ ਜੀ ਪਾਖਰਪੁਰ 'ਢਾਡੀ ਜਥਾ' ਨੇ ਸ਼ਮੂਲੀਅਤ ਕੀਤੀ।

❋❋❋❋❋❋